Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 20*Issue 50 Thursday, March 11, 2021 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਐਸਟ੍ਰਾਜ਼ੈਨੇਕਾ ਸ਼ੌਟਸ ਦੇਣ ਵਾਲੀਆਂ 325 ਫਾਰਮੇਸੀਜ਼ ਵਿਚ ਸ਼ੌਪਰਜ਼ ਡਰੱਗ ਮਾਰਟ ਤੇ ਕੌਸਕੋ ਵੀ ਸ਼ਾਮਲ

ਓਨਟਾਰੀਓ, 10 ਮਾਰਚ (ਪੋਸਟ ਬਿਊਰੋ) : ਪ੍ਰੋਵਿੰਸ ਵੱਲੋਂ ਇਹ ਐਲਾਨ ਕੀਤਾ ਗਿਆ ਹੈ ਕਿ ਸ਼ੁੱਕਰਵਾਰ ਤੋਂ 325 ਫਾਰਮੇਸੀਜ਼ ਵਿੱਚ 60 ਤੋਂ 64 ਸਾਲ ਦਰਮਿਆਨ ਦੇ ਯੋਗ ਓਨਟਾਰੀਓ ਵਾਸੀਆਂ ਨੂੰ ਐਸਟ੍ਰਾਜ਼ੈਨੇਕਾ ਵੈਕਸੀਨ ਦੀ ਡੋਜ਼ ਦਿੱਤੀ ਜਾਵੇਗੀ। ਅਜਿਹਾ ਸਿਰਫ ਅਪੁਆਇੰਟਮੈਂਟ ਨਾਲ ਹੀ ਹੋਵੇਗਾ।
ਜਿਨ੍ਹਾਂ ਫਾਰਮੇਸੀਜ਼ ਉੱਤੇ ਇਹ ਟੀਕੇ ਲਾਏ ਜਾਣਗੇ ਉਨ੍ਹਾਂ ਵਿੱਚ ਸ਼ੌਪਰਜ਼ ਡਰੱਗ ਮਾਰਟ, ਕੌਸਕੋ, ਵਾਲ-ਮਾਰਟ ਤੇ ਲੋਬਲਾਅ ਦੇ ਨਾਲ ਨਾਲ ਟੋਰਾਂਟੋ, ਕਿੰਗਸਟਨ ਤੇ ਵਿੰਡਸਰ ਐਸੈਕਸ ਦੀਆਂ ਹੋਰ ਫਾਰਮੇਸੀਜ਼ ਵੀ ਸ਼ਾਮਲ ਹਨ। ਫਰੌਂਟੇਨੈਕ, ਲੈਨਕਸ ਤੇ ਐਡਿੰਗਟਨ ਵੀ ਚੋਣਵੀਆਂ ਫਾਰਮੇਸੀਜ਼ ਉੱਤੇ 60 ਤੋਂ 64 ਸਾਲ ਦੇ ਮੈਂਬਰਾਂ ਨੂੰ ਵੈਕਸੀਨੇਟ ਕੀਤਾ ਜਾਵੇਗਾ।
ਇਸ ਮੌਕੇ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਅਸੀਂ ਆਪਣੀਆਂ ਫਾਰਮੇਸੀਜ਼ ਤੇ ਪ੍ਰਾਇਮਰੀ ਕੇਅਰ ਸੈਟਿੰਗਜ਼ ਵਿੱਚ ਟੀਕਾਕਰਣ ਤੇਜ਼ ਕਰਕੇ ਵੱਧ ਤੋਂ ਵੱਧ ਮੈਂਬਰਜ਼ ਨੂੰ ਸੁਰੱਖਿਅਤ ਕਰਨਾ ਚਾਹੁੰਦੇ ਹਾਂ। ਅਸੀਂ ਇਹ ਉਦੋਂ ਤੱਕ ਕਰਦੇ ਰਹਾਂਗੇ




ਜਦੋਂ ਤੱਕ ਸਾਡੇ ਕੋਲ ਫੈਡਰਲ ਸਰਕਾਰ ਵੱਲੋਂ ਸਥਿਰ ਸਪਲਾਈ ਹਾਸਲ ਹੁੰਦੀ ਰਹੇਗੀ। ਹਾਲਾਂਕਿ ਇਨ੍ਹਾਂ ਸ਼ੌਟਸ ਲਈ ਆਨਲਾਈਨ ਬੁਕਿੰਗ ਸ਼ੁੱਕਰਵਾਰ ਤੋਂ ਸ਼ੁਰੂ ਹੋਣੀ ਹੈ ਪਰ ਕੌਸਕੋ ਤੇ ਰੈਕਸਾਲ ਫਾਰਮੇਸੀਜ਼ ਵੱਲੋਂ ਆਪਣੀਆਂ ਵੈੱਬਸਾਈਟਸ ਉੱਤੇ ਪਹਿਲਾਂ ਹੀ ਪੇਸ਼ਕਸ਼ ਦੇਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ।
ਰੈਕਸਾਲ ਵੱਲੋਂ ਟੋਰਾਂਟੋ ਦੀਆਂ 25 ਲੋਕੇਸ਼ਨਜ਼ ਦੀ ਲਿਸਟ ਤਿਆਰ ਕੀਤੀ ਗਈ ਹੈ, ਜਿੱਥੇ ਟੀਕਾਕਰਣ ਹੋਵੇਗਾ। ਬਰੈਂਪਟਨ ਤੇ ਮਿਸਾਸਾਗਾ ਦੇ ਮੇਅਰ ਪੈਟ੍ਰਿਕ ਬ੍ਰਾਊਨ ਤੇ ਬੌਨੀ ਕ੍ਰੌਂਬੀ ਦਾ ਕਹਿਣਾ ਹੈ ਕਿ ਪੀਲ ਰੀਜਨ ਵੀ ਇਸ ਪਾਇਲਟ ਪ੍ਰੋਜੈਕਟ ਦਾ ਹਿੱਸਾ ਹੋਵੇਗਾ ਤੇ ਰੀਜਨ ਵਿੱਚ 8 ਪਾਰਟਨਰ ਅਜਿਹੇ ਹੋਣਗੇ ਜਿੱਥੇ ਇਹ ਟੀਕਾਕਰਣ ਹੋਵੇਗਾ। ਕ੍ਰੌਂਬੀ ਨੇ ਆਖਿਆ ਕਿ ਇਸ ਤੋਂ ਭਾਵ ਇਹ ਹੈ ਕਿ ਮਿਸੀਸਾਗਾ ਵਾਸੀਆਂ ਨੂੰ ਜਲਦ ਹੀ ਵੈਕਸੀਨ ਦੇ ਸ਼ੌਟਸ ਲਾਏ ਜਾਣਗੇ। ਐਸਟ੍ਰਾਜ਼ੈਨੇਕਾ ਡੋਜ਼ਾਂ ਦਾ ਕੁੱਝ ਹਿੱਸਾ ਪ੍ਰਾਇਮਰੀ ਕੇਅਰ ਡਾਕਟਰਾਂ ਕੋਲ ਵੀ ਜਾਵੇਗਾ, ਜੋ ਕਿ ਆਪਣੇ ਪੇਸ਼ੈਂਟਸ ਨੂੰ ਇਹ ਡੋਜ਼ ਦੇਣਗੇ।
ਫੋਰਡ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਫਾਰਮੇਸੀਜ਼ ਨੂੰ ਐਸਟ੍ਰਾਜ਼ੈਨੇਕਾ ਵੈਕਸੀਨ ਦੀਆਂ 164,500 ਡੋਜ਼ਾਂ ਹਾਸਲ ਹੋਣਗੀਆਂ ਜਦਕਿ ਫੈਮਿਲੀ ਡਾਕਟਰਾਂ ਨੂੰ ਇਸ ਵੈਕਸੀਨ ਦੀਆਂ 29,500 ਡੋਜ਼ਾਂ ਹਾਸਲ ਹੋਣਗੀਆਂ।

## ਬੈਂਕ ਆਫ ਕੈਨੇਡਾ ਨੇ ਵਿਆਜ ਦਰਾਂ ਵਿੱਚ ਨਹੀਂ ਕੀਤਾ ਕੋਈ ਵਾਧਾ




ਓਟਵਾ, 10 ਮਾਰਚ (ਪੋਸਟ ਬਿਊਰੋ) : ਬੈਂਕ ਆਫ ਕੈਨੇਡਾ ਵੱਲੋਂ ਆਪਣੀਆਂ ਵਿਆਜ਼ ਦਰਾਂ ਵਿੱਚ ਕੋਈ ਫੇਰਬਦਲ ਨਹੀਂ ਕੀਤਾ ਜਾ ਰਿਹਾ ਤੇ ਇਨ੍ਹਾਂ ਨੂੰ ਪਹਿਲਾਂ ਜਿੰਨਾ ਹੀ ਰੱਖਿਆ ਜਾ ਰਿਹਾ ਹੈ। ਬੈਂਕ ਦਾ ਕਹਿਣਾ ਹੈ ਕਿ ਭਾਵੇਂ ਹਾਲਾਤ ਸੁਧਰ ਰਹੇ ਹਨ ਪਰ ਆਰਥਿਕ ਹਾਲਾਤ ਵਿੱਚ ਹੋਰ ਸੁਧਾਰ ਹੋਣਾ ਬਾਕੀ ਹੈ।
ਜਾਰੀ ਕੀਤੇ ਗਏ ਇੱਕ ਬਿਆਨ ਵਿੱਚ ਸੈਂਟਰਲ ਬੈਂਕ ਨੇ ਆਖਿਆ ਕਿ ਉਸ ਨੂੰ ਆਸ ਹੈ ਕਿ 2021 ਦੀ ਪਹਿਲੀ ਤਿਮਾਹੀ ਵਿੱਚ ਆਰਥਿਕ ਵਿਕਾਸ ਸਕਾਰਾਤਮਕ ਰਹੇਗਾ। ਇਸ ਤੋਂ ਪਹਿਲਾਂ ਜਨਵਰੀ ਵਿੱਚ ਇਹ ਪੇਸ਼ੀਨਿਗੋਈ ਕੀਤੀ ਗਈ ਸੀ ਕਿ ਸਾਲ ਦੇ ਸ਼ੁਰੂਆਤੀ ਮਹੀਨਿਆਂ ਵਿੱਚ ਅਰਥਚਾਰਾ ਸੁੰਗੜ ਸਕਦਾ ਹੈ। ਬੈਂਕ ਦੇ ਸੀਨੀਅਰ ਫੈਸਲਾਕਰਤਾਵਾਂ ਦਾ ਕਹਿਣਾ ਹੈ ਕਿ ਅਰਥਚਾਰੇ ਦਾ ਸਿੱਧਾ ਸਬੰਧ ਕੰਜ਼ਿਊਮਰਜ਼ ਤੇ ਕਾਰੋਬਾਰੀਆਂ ਦਰਮਿਆਨ ਤਾਲਮੇਲ ਤੋਂ ਹੁੰਦਾ ਹੈ ਤੇ ਇਹ ਦੋਵੇਂ ਧਿਰਾਂ ਲਾਕਡਾਊਨ ਤੇ ਪਾਬੰਦੀਆਂ ਦੇ ਨਵੇਂ ਗੇੜ ਨਾਲ ਰਾਬਤਾ ਬਿਠਾ ਰਹੀਆਂ ਹਨ।
ਬਿਆਨ ਵਿੱਚ ਇਹ ਵੀ ਆਖਿਆ ਗਿਆ ਕਿ ਹਾਊਸਿੰਗ ਮਾਰਕਿਟ ਵਿੱਚ ਉਮੀਦ ਨਾਲੋਂ ਜ਼ਿਆਦਾ ਆਏ ਉਛਾਲ ਨੂੰ ਵੀ ਇਸ ਸਾਲ ਦੇ ਪਹਿਲੇ ਤਿੰਨ ਮਹੀਨਿਆਂ ਵਿੱਚ ਕੁੱਲ ਘਰੇਲੂ ਉਤਪਾਦ ਵਿੱਚ ਵੀ ਵਾਧਾ ਹ'ਇਆ। ਪਰ ਸੈਂਟਰਲ ਬੈਂਕ ਨੇ ਇਹ ਵੀ ਚੇਤਾਵਨੀ ਦਿੱਤੀ ਕਿ ਮਹਾਂਮਾਰੀ ਦੇ ਚੱਲਦਿਆਂ ਇਹ ਨਹੀਂ ਆਖਿਆ ਜਾ ਸਕਦਾ ਕਿ ਲੇਬਰ ਮਾਰਕਿਟ ਇਸ ਮੁਸੀਬਤ ਵਿੱਚੋਂ ਕਿਵੇਂ ਅਤੇ ਕਦੋਂ ਬਾਹਰ ਆਵੇਗੀ।
ਬੈਂਕ ਦੇ ਇਸ ਬਿਆਨ ਵਿੱਚ ਆਖਿਆ ਗਿਆ ਕਿ ਅਰਥਚਾਰੇ ਦੀ ਰਿਕਵਰੀ ਦੇ ਰਾਹ ਵਿੱਚ ਸੱਭ ਤੋਂ ਵੱਡਾ ਅੜਿੱਕਾ ਕੋਵਿਡ-19 ਮਹਾਮਾਰੀ ਦੇ ਵਧੇਰੇ ਨਵੇਂ ਵੇਰੀਐਂਟਸ ਕਰ ਸਕਦੇ ਹਨ। ਇਹ ਵੀ ਆਖਿਆ ਗਿਆ ਕਿ ਜਦੋਂ ਤੱਕ ਅਰਥਚਾਰਾ ਰਿਕਵਰ ਨਹੀਂ ਹੋ ਜਾਂਦਾ ਉਦੋਂ ਤੱਕ ਦ ਵਿਆਜ ਦਰਾਂ 0.25 ਹੀ ਰੱਖੀਆਂ ਜਾਣਗੀਆਂ।

## ਮਿਸੀਸਾਗਾ ਵਿੱਚ ਲੋਕਲ ਜੌਬਜ਼ ਲਈ ਪਰਸਨਲ ਸਪੋਰਟ ਵਰਕਰਜ਼ ਨੂੰ ਟਰੇਨਿੰਗ ਦੇਵੇਗੀ ਓਨਟਾਰੀਓ ਸਰਕਾਰ

ਮਿਸੀਸਾਗਾ, 10 ਮਾਰਚ (ਪੋਸਟ ਬਿਊਰੋ) : ਮਿਸੀਸਾਗਾ-ਸਟਰੀਟਸਵਿੱਲ ਤੋਂ ਐਮਪੀਪੀ ਨੀਨਾ ਟਾਂਗਰੀ ਨੇ ਐਲਾਨ ਕੀਤਾ ਕਿ ਓਨਟਾਰੀਓ ਸਰਕਾਰ, ਕੈਨੇਡਾ ਓਨਟਾਰੀਓ ਜੌਬ ਗ੍ਰਾਂਟ ਰਾਹੀਂ ਵਰਕਰਜ਼ ਨੂੰ ਚੰਗੀਆਂ ਜੌਬਜ਼ ਦਿਵਾਏਗੀ।
ਮਿਸੀਸਾਗਾ ਵਿੱਚ ਵਿਕਟੋਰੀਅਨ ਆਰਡਰ ਆਫ ਨਰਸਿਜ਼ ਫੌਰ ਕੈਨੇਡਾ ਨੂੰ 171,417·00 ਡਾਲਰ ਦੀ ਮਦਦ 33 ਪਾਰਟੀਸਿਪੈਂਟਸ ਨੂੰ ਨੈਸ਼ਨਲ ਐਸੋਸਿਏਸ਼ਨ ਆਫ ਕਰੀਅਰ ਕਾਲੇਜਿਜ਼ (ਐਨਏਸੀਸੀ) ਤੋਂ ਪਰਸਨਲ ਸਪੋਰਟ ਵਰਕਰਜ਼ (ਪੀਐਸਡਬਲਿਊ) ਦੀ ਟਰੇਨਿੰਗ ਕਰਵਾਉਣ ਦੀ ਕੀਮਤ ਅਦਾ ਕਰਨ ਲਈ ਮੁਹੱਈਆ ਕਰਵਾਈ ਜਾ ਰਹੀ ਹੈ। ਇਸ ਤੋਂ ਬਾਅਦ ਉਹ ਕਮਿਊਨਿਟੀ ਤੇ ਹੋਮਕੇਅਰ ਸੈਟਿੰਗ ਵਿੱਚ ਕੰਮ ਕਰਨ ਦੇ ਯੋਗ ਹੋ ਜਾਣਗੇ।



...ਬਾਕੀ ਪੰਨਾ 6 'ਤੇ

## ਮਿਸੀਸਾਗਾ ਨੂੰ ਰੈੱਡ ਜ਼ੋਨ ਵਿੱਚ ਹੀ ਰੱਖਿਆ ਜਾਵੇ : ਕ੍ਰੌਂਬੀ

ਮਿਸੀਸਾਗਾ, 10 ਮਾਰਚ (ਪੋਸਟ ਬਿਊਰੋ) : ਇਸ ਸਮੇਂ ਲਾਕਡਾਊਨ ਵਿੱਚ ਬੰਦ ਜੀਟੀਏ ਦੀ ਇੱਕ ਸਿਟੀ ਵੱਲੋਂ ਆਖਿਆ ਜਾ ਰਿਹਾ ਹੈ ਕਿ ਉਹ ਪ੍ਰੋਵਿੰਸ ਦੀ ਰੈੱਡ ਕੰਟਰੋਲ ਜ਼ੋਨ ਵਿੱਚ ਦਾਖਲ ਹੋਣ ਲਈ ਤਿਆਰ ਹੈ ਤੇ ਅਗਲੇ ਹਫਤੇ ਤੱਕ ਅਜਿਹਾ ਹੁੰਦਾ ਵੇਖਣਾ ਚਾਹੁੰਦੀ ਹੈ।
ਮਿਸੀਸਾਗਾ ਦੀ ਮੇਅਰ ਬ੍ਰੌਨੀ ਕ੍ਰੌਂਬੀ ਨੇ ਪੀਲ ਰੀਜਨ ਦੇ ਗ੍ਰੇਅ ਲਾਕਡਾਊਨ ਵਿੱਚ ਦਾਖਲ ਹੋਣ ਉੱਤੇ ਅਫਸੋਸ



ਪ੍ਰਗਟ ਕਰਦਿਆਂ ਆਖਿਆ ਕਿ ਅਜੇ ਬਿਜ਼ਨਸਾਂ ਨੂੰ ਕੋਈ ਨੁਕਸਾਨ ਨਹੀਂ ਹੋਇਆ ਹੈ। ਗ੍ਰੇਅ ਜ਼ੋਨ ਵਿੱਚ ਰੀਟੇਲ ਖੁੱਲ੍ਹ ਸਕਦੇ ਹਨ ਪਰ ਇਹ ਰੈੱਡ ਕੰਟਰੋਲ ਜ਼ੋਨ ਤੋ ਘੱਟ ਪਾਬੰਦੀਆਂ ਵਾਲੀ ਹੁੰਦੀ ਹੈ। ਗ੍ਰੇਅ ਲਾਕਡਾਊਨ ਜ਼ੋਨ ਵਿੱਚ ਨਿੱਕੇ ਕਾਰੋਬਾਰ 25 ਫੀ ਸਦੀ ਸਮਰੱਥਾ ਨਾਲ ਖੋਲ੍ਹੇ ਜਾ ਸਕਦੇ ਹਨ।
ਬੁੱਧਵਾਰ ਨੂੰ ਗੱਲ ਕਰਦਿਆਂ ਕ੍ਰੌਂਬੀ ਇਸ ਨੂੰ ਇੱਕ ਕਦਮ ਹੋਰ ਅੱਗੇ ਲੈ ਗਈ। ਉਨ੍ਹਾਂ ਆਖਿਆ ਕਿ ਮਿਸੀਸਾਗਾ ਲਈ ਰੈੱਡ ਜ਼ੋਨ ਵਿੱਚ ਦਾਖਲ ਹੋਣ ਦਾ ਸਮਾਂ ਆ ਗਿਆ ਹੈ ਫਿਰ ਭਾਵੇਂ ਸਾਰਾ ਰੀਜਨ ਨਾਲ ਹੋਵੇ ਜਾਂ ਨਾ। ...ਬਾਕੀ ਪੰਨਾ 4 'ਤੇ

## 300 ਫਾਰਮੇਸੀਜ਼ ਰਾਹੀਂ 60 ਤੋਂ 64 ਸਾਲ ਦੇ ਲੋਕਾਂ ਨੂੰ ਦਿੱਤੀ ਜਾਵੇਗੀ ਐਸਟ੍ਰਾਜ਼ੈਨੇਕਾ ਵੈਕਸੀਨ

ਟੋਰਾਂਟੋ, 10 ਮਾਰਚ (ਪੋਸਟ ਬਿਊਰੋ) : ਕੁੱਝ ਬਜ਼ੁਰਗ ਓਨਟਾਰੀਓ ਵਾਸੀਆਂ ਨੂੰ ਹੁਣ ਆਪਣੀਆਂ ਲੋਕਲ ਫਾਜਮੇਸੀਜ਼ ਵਿੱਚ ਕੋਵਿਡ-19 ਵੈਕਸੀਨ ਹਾਸਲ ਹੋ ਜਾਵੇਗੀ।
ਪ੍ਰੋਵਿੰਸ ਨੂੰ ਅੱਜ ਆਕਸਫੋਰਡ ਐਸਟ੍ਰਾਜ਼ੈਨੇਕਾ ਵੈਕਸੀਨ ਦੀਆਂ 194,000 ਡੋਜ਼ਾਂ ਹਾਸਲ ਹੋਣਗੀਆਂ। ਹੈਲਥ ਕੈਨੇਡਾ ਵੱਲੋਂ 65 ਸਾਲ ਤੋਂ ਵੱਧ ਉਮਰ ਵਰਗ ਦੇ ਲੋਕਾਂ ਨੂੰ ਇਹ ਵੈਕਸੀਨ ਦੀ ਵਰਤੋਂ ਨਾ ਕਰਨ ਦੀ ਸਿਫਾਰਿਸ਼ ਕੀਤੀ ਗਈ ਸੀ। ਇਸ ਲਈ ਓਨਟਾਰੀਓ ਵਿੱਚ ਇਹ ਵੈਕਸੀਨ 60 ਤੇ 64 ਸਾਲ ਉਮਰ ਵਰਗ ਦੇ ਲੋਕਾਂ ਨੂੰ ਹੀ ਦਿੱਤੀ ਜਾਵੇਗੀ। ਮੰਗਲਵਾਰ ਨੂੰ ਕੁਈਨਜ਼ ਪਾਰਕ ਵਿਖੇ ਪ੍ਰਸ਼ਨਕਾਲ ਦੌਰਾਨ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਆਖਿਆ ਕਿ ਪ੍ਰੋਵਿੰਸ ਵੱਲੋਂ ਐਸਟ੍ਰਾਜ਼ੈਨੇਕਾ



ਵੈਕਸੀਨ ਰਾਹੀਂ ਟੀਕਾਕਰਣ ਨੂੰ ਅੱਗੇ ਵਧਾਉਣ ਲਈ 300 ਫਾਰਮੇਸੀਜ਼ ਤੋਂ ਵੱਧ ਦੀ ਲਿਸਟ ਜਾਰੀ ਕੀਤੇ ਜਾਣ ਦੀ ਯੋਜਨਾ ਹੈ।
ਉਨ੍ਹਾਂ ਆਖਿਆ ਕਿ ਇਸ ਤੋਂ ਬਾਅਦ ਇਸ ਹਫਤੇ ਦੇ ਅੰਤ ਤੱਕ ਇਨ੍ਹਾਂ ਫਾਰਮੇਸੀਜ਼ ਉੱਤੇ ਸੁਸਾਇਟੀ ਦੇ ਯੋਗ ਮੈਂਬਰ ਅਪੁਆਇੰਟਮੈਂਟ ਬੁੱਕ ਕਰਵਾ ਸਕਣਗੇ। ਉਨ੍ਹਾਂ ਆਖਿਆ ਕਿ ਸਾਨੂੰ ਅੱਜ ਹਾਸਲ ਹੋਣ ਵਾਲੀਆਂ 190,000 ਵੈਕਸੀਨਜ਼ ਸੀਮਤ ਹਨ ਤੇ ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਜਿਨੀ ਜਲਦੀ ਹੋ ਸਕੇ ਉਨ੍ਹਾਂ ਨੂੰ ਡਲਿਵਰ ਕੀਤਾ ਜਾ ਸਕੇ ਤੇ ਇਹ ਸੱਭ ਇਨ੍ਹਾਂ 300 ਫਾਰਮੇਸੀਜ਼ ਰਾਹੀਂ ਕੀਤਾ ਜਾ ਸਕੇਗਾ।
ਉਨ੍ਹਾਂ ਆਖਿਆ ਕਿ ਇਹ ਪਲੈਨ ਪੂਰੀ ਤਰ੍ਹਾਂ ਤਿਆਰ ਹੈ ਤੇ ਅਸੀਂ ਸ਼ੁੱਕਰਵਾਰ ਤੱਕ ਅਰਜ਼ੀਆਂ ਹਾਸਲ ਕਰਨ ਲੱਗ ਪਵਾਂਗੇ ਤੇ ਇਸ ਦੇ ਨਾਲ ਹੀ ਆਨਲਾਈਨ ਬੁਕਿੰਗ ਵੀ ਸ਼ੁਰੂ ਹੋ ਜਾਵੇਗੀ। ਐਸਟ੍ਰਾਜ਼ੈਨੇਕਾ ਦੀਆਂ ਇਹ ਡੋਜ਼ਾਂ ਇਸ ਮਹੀਨੇ ਦੇ ਸ਼ੁਰੂ ਵਿੱਚ ਸੀਰਮ ਇੰਸਟੀਚਿਊਟ ਆਫ ਇੰਡੀਆ ਵੱਲੋਂ ਭੇਜੀਆਂ ਗਈਆਂ ਹਨ। ਇਹ ਵੈਕਸੀਨ 2 ਅਪਰੈਲ ਨੂੰ ਐਕਸਪਾਇਰ ਹੋ ਜਾਵੇਗੀ। ਇਸ ਲਈ ਵੈਕਸੀਨ ਦੀ ਡੋਜ਼ ਲੋਕਾਂ ਨੂੰ ਦੇਣ ਦਾ ਸਮਾਂ ਬਹੁਤ ਘੱਟ ਹੈ।

## 7 ਸਾਲਾ ਬੱਚੀ ਲਈ ਜਾਰੀ ਐਂਬਰ ਐਲਰਟ ਰੱਦ

ਮਿਡਲਸੈਕਸ ਸੈਂਟਰ, ਓਨਟਾਰੀਓ, 10 ਮਾਰਚ (ਪੋਸਟ ਬਿਊਰੋ) :ਸੱਤ ਸਾਲਾ ਬੱਚੇ ਦੇ ਸੁਰੱਖਿਅਤ ਮਿਲਣ ਤੋਂ ਬਾਅਦ ਇਸ ਸਬੰਧ ਵਿੱਚ ਜਾਰੀ ਕੀਤਾ ਗਿਆ ਐਂਬਰ ਐਲਰਟ ਰੱਦ ਕਰ ਦਿੱਤਾ ਗਿਆ।
ਪ੍ਰੋਵਿੰਸ਼ੀਅਲ ਪੁਲਿਸ ਵੱਲੋਂ ਬੁੱਧਵਾਰ ਸਵੇਰੇ ਆਖਰੀ ਵਾਰੀ ਵੇਖੀ ਗਈ ਬੱਚੀ ਦੇ ਸਬੰਧ ਵਿੱਚ ਇਹ ਐਲਰਟ ਜਾਰੀ ਕੀਤਾ ਗਿਆ ਸੀ। ਪੁਲਿਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਬੱਚੀ ਸਵੇਰੇ 11:20 ਉੱਤੇ ਯੌਰਕ ਰੀਜਨ ਵਿੱਚ ਸੁਰੱਖਿਅਤ ਮਿਲ ਗਈ ਸੀ।

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axcel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
- Home
- Business
- Life Insurance
- Auto
- Trucking
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Axcel InsuranceBrokers Ltd.
1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
- Student Visa / Study Permit
- LMIA / Work permit
- Permanent Residency
- Family Sponsorship
- Nanny
- Visitor Visa
- Business Immigration
Call us for Professional, Reliable & High Quality Services
Rahul Sagar 647-780-2022
120 Woodstream Blvd, Woodbridge, ON, L4L 7Z1
Lic # R534503

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392


PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
- Custom Kitchen Cabinets
- Legal Basement
- Completly Furnished
- Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ
1200 Derry Road E, #15, Mississauga, ON L5T 0B3
Shinder Kelley 905-362-0755

MANN LAW FIRM
- Real Estate Law
- Wills & Estates
- Power of Attorney
- Affidavits Notarization & Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NATION-WIDE TALK,
TEXT & DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com

## ਅੱਜ ਨਾਮਾ

ਲੱਗਿਆ ਸਿੱਧੂ ਨਵਜੋਤ ਦਾ ਲਗਨ ਖੁੱਲ੍ਹਣ,
ਪਾਰਟੀ ਲੱਗੀ ਜੁਗਾੜ ਕੁਝ ਲਾਉਣ ਬੇਲੀ।
ਕਹਿ ਰਿਹਾ ਕੋਈ ਕਿ ਮੰਤਰੀ ਬਣੂਗਾ ਉਹ,
ਓਦਾਂ ਲੱਗਾ ਨਹੀਂ ਪਰਤ ਕੇ ਆਉਣ ਬੇਲੀ।
ਕਹਿ ਰਿਹਾ ਕੋਈ ਪ੍ਰਧਾਨਗੀ ਮਿਲੂ ਉਹਨੂੰ,
ਪਾਰਟੀ ਪੰਜਾਬ ਦੀ ਲੱਗਾ ਚਲਾਉਣ ਬੇਲੀ।
ਕਹਿੰਦਾ ਕੋਈ ਕਿ ਚੋਣ ਲਈ ਮਿਲੂ ਜ਼ਿੰਮਾ,
ਪਾਰਟੀ ਲੱਗੀ ਹੈ ਦਾਅ ਅਜ਼ਮਾਉਣ ਬੇਲੀ।
ਬੋਲਿਆ ਆਪ ਨਹੀਂ ਮੂੰਹੋਂ ਨਵਜੋਤ ਸਿੱਧੂ,
ਤੋੜਦਾ ਚੁੱਪ ਨਹੀਂ ਗਾਂਧੀ ਪਰਵਾਰ ਬੇਲੀ।
ਚਰਚੇ ਸੁਣੇ ਹਨ ਪਹਿਲਾਂ ਵੀ ਕਈ ਏਦਾਂ,
ਚਰਚਾ ਉਪਰ ਨਾ ਹੁੰਦਾ ਇਤਬਾਰ ਬੇਲੀ।

**ਤੀਸ ਮਾਰ ਖਾਂ**

# ਟੋਰਾਂਟੋ ਦੇ ਸੰਨੀਬਰੁੱਕ ਹਸਪਤਾਲ ਵਿੱਚ ਤਿਆਰ ਕੀਤਾ ਜਾ ਰਿਹਾ ਹੈ ਫੀਲਡ ਹਸਪਤਾਲ



ਟੋਰਾਂਟੋ, 10 ਮਾਰਚ (ਪੋਸਟ ਬਿਊਰੋ) : ਟੋਰਾਂਟੋ ਦੇ ਸੰਨੀਬਰੁੱਕ ਹੈਲਥ ਸਾਇੰਸਿਜ਼ ਸੈਂਟਰ ਵੱਲੋਂ ਆਪਣੇ ਪਾਰਕਿੰਗ ਲੌਟ ਵਿੱਚ ਮੋਬਾਈਲ ਫੀਲਡ ਹਸਪਤਾਲ ਤਿਆਰ ਕੀਤਾ ਜਾ ਰਿਹਾ ਹੈ। ਇਹ ਸੱਭ ਕੋਵਿਡ-19 ਮਹਾਂਮਾਰੀ ਦੀ ਸੰਭਾਵੀ ਤੀਜੀ ਵੇਵ ਨਾਲ ਸਿੱਝਣ ਲਈ ਕੀਤਾ ਜਾ ਰਿਹਾ ਹੈ।

ਇਸ ਸਾਲ ਦੇ ਸ਼ੁਰੂ ਵਿੱਚ ਟਰੂਡੋ ਸਰਕਾਰ ਨੇ ਜੀਟੀਏ ਵਿੱਚ ਦੋ ਸਪੈਸ਼ਲਾਈਜ਼ਡ ਮੋਬਾਈਲ ਫੀਲਡ ਹਸਪਤਾਲ ਕਾਇਮ ਕਰਨ ਦਾ ਵਾਅਦਾ ਕੀਤਾ ਸੀ ਤਾਂ ਕਿ ਹੌਸਪਿਟਲ ਸਿਸਟਮ ਵਿੱਚ 200 ਬੈੱਡ ਹੋਰ ਸ਼ਾਮਲ ਕੀਤੇ ਜਾ ਸਕਣ।

100 ਬੈੱਡ ਵਾਲੀ ਇਹ ਫੈਸਿਲਿਟੀ, ਜਿਸ ਨੂੰ ਸੰਨੀਬਰੁੱਕ ਹੈਲਥ ਸਾਇੰਸਿਜ਼ ਸੈਂਟਰ ਵੱਲੋਂ ਆਪਣੇ ਪਾਰਕਿੰਗ ਲੌਟ ਵਿੱਚ ਕਾਇਮ ਕੀਤਾ ਜਾ ਰਿਹਾ ਹੈ ਟਰੂਡੋ ਵੱਲੋਂ ਕੀਤੇ ਵਾਅਦੇ ਵਾਲੀਆਂ ਫੈਸਿਲਿਟੀਜ਼ ਵਿੱਚੋਂ ਹੀ ਇੱਕ ਹੈ। ਇਸ ਨਾਲ ਰੀਜਨ ਦੇ ਹੈਲਥ ਕੇਅਰ ਸਿਸਟਮ ਉੱਤੇ ਅਸਰ ਨਹੀਂ ਪਵੇਗਾ।

ਇਸ ਫੈਸਿਲਿਟੀ ਵਿੱਚ ਵੈਂਟੀਲੇਟਰਜ਼, ਆਕਸੀਜ਼ਨ ਮਸ਼ੀਨਾਂ, ਪੋਰਟੇਬਲ ਐਕਸ ਰੇਅ ਮਸ਼ੀਨਾਂ ਤੇ ਨੈਗੇਟਿਵ ਪ੍ਰੈਸ਼ਰ ਸਿਸਟਮ ਹੋਣਗੇ। ਫੈਡਰਲ ਸਰਕਾਰ ਵੱਲੋਂ ਇਸ ਫੈਸਿਲਿਟੀ ਨੂੰ ਤਿਆਰ ਕਰਨ ਲਈ ਵੈਦਰਹੈਵਨ ਗਲੋਬਲ ਰਿਸੋਰਸਿਜ਼ ਨਾਲ ਕਾਂਟਰੈਕਟ ਕੀਤਾ ਗਿਆ ਹੈ। ਇਹ ਫੀਲਡ ਹਸਪਤਾਲ ਅਪਰੈਲ ਦੇ ਸ਼ੁਰੂ ਤੋਂ ਵਰਤੋਂ ਵਿੱਚ ਲਿਆਂਦਾ ਜਾ ਸਕੇਗਾ ਤੇ ਇਸ ਨੂੰ ਮਈ ਤੱਕ ਇੱਥੇ ਰੱਖੇ ਜਾਣ ਦੀ ਸੰਭਾਵਨਾ ਹੈ।

# ਓਨਟਾਰੀਓ ਪੁਲਿਸ ਕਾਲਜ ਵਿੱਚ ਆਊਟਬ੍ਰੇਕ ਕਾਰਨ ਕੋਵਿਡ ਦੇ 102 ਮਾਮਲੇ ਆਏ ਸਾਹਮਣੇ



ਓਨਟਾਰੀਓ, 10 ਮਾਰਚ (ਪੋਸਟ ਬਿਊਰੋ) : ਓਨਟਾਰੀਓ ਪੁਲਿਸ ਕਾਲਜ ਵਿੱਚ ਹੋਈ ਕੋਵਿਡ-19 ਆਊਟਬ੍ਰੇਕ ਕਾਰਨ ਹੁਣ ਇੱਥੇ 102 ਲੋਕ ਬਿਮਾਰ ਪੈ ਗਏ ਹਨ।

ਪਬਲਿਕ ਹੈਲਥ ਅਧਿਕਾਰੀਆਂ ਦਾ ਕਹਿਣਾ ਹੈ ਕਿ ਏਲਮਰ, ਓਨਟਾਰੀਓ ਵਿੱਚ ਇਸ ਟਰੇਨਿੰਗ ਫੈਸਿਲਿਟੀ ਵਿੱਚ ਹੋਈ ਆਊਟਬ੍ਰੇਕ ਵਿੱਚ ਕੋਵਿਡ-19 ਦੇ 33 ਸਰਗਰਮ ਮਾਮਲੇ ਪਾਏ ਗਏ ਹਨ। ਬਾਕੀ ਮਾਮਲੇ ਠੀਕ ਹੋ ਗਏ ਦੱਸੇ ਜਾ ਰਹੇ ਹਨ। ਸਾਊਥਵੈਸਟਰਨ ਪਬਲਿਕ ਹੈਲਥ ਯੂਨਿਟ ਦਾ ਕਹਿਣਾ ਹੈ ਕਿ ਸੱਭ ਤੋਂ ਪਹਿਲਾਂ ਇਸ ਕਾਲਜ ਵਿੱਚ ਆਊਟਬ੍ਰੇਕ 24 ਫਰਵਰੀ ਨੂੰ ਐਲਾਨੀ ਗਈ ਸੀ। ਫਰਵਰੀ ਦੇ ਅੰਤ ਵਿੱਚ ਇੱਥੇ ਇਨਪਰਸਨ ਲਰਨਿੰਗ ਸਸਪੈਂਡ ਕਰ ਦਿੱਤੀ ਗਈ ਅਤੇ ਦੋ ਹਫਤਿਆਂ ਲਈ ਕਲਾਸਾਂ ਨੂੰ ਬੰਦ ਰੱਖਣ ਦਾ ਫੈਸਲਾ ਕੀਤਾ ਗਿਆ। ਲੋਕਲ ਹੈਲਥ ਯੂਨਿਟ ਦਾ ਕਹਿਣਾ ਹੈ ਕਿ ਉਹ ਕਲਾਸਾਂ ਨੂੰ ਸੁਰੱਖਿਅਤ ਢੰਗ ਨਾਲ ਮੁੜ ਸ਼ੁਰੂ ਕੀਤੇ ਜਾਣ ਲਈ ਕਾਲਜ ਅਧਿਕਾਰੀਆਂ ਨਾਲ ਗੱਲਬਾਤ ਕਰ ਰਹੇ ਹਨ। ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਓਨਟਾਰੀਓ ਪੁਲਿਸ ਕਾਲਜ ਪੂਰੇ ਨੌਰਥ ਅਮਰੀਕਾ ਵਿੱਚ ਸੱਭ ਤੋਂ ਵੱਡੀ ਪੁਲਿਸ ਟਰੇਨਿੰਗ ਫੈਸਿਲਿਟੀ ਹੈ।

# ਰਾਸ਼ਟਰਪਤੀ ਬਾਇਡੇਨ ਵੱਲੋਂ ਐਚ-1 ਬੀ ਵੀਜ਼ਾ ਪਾਬੰਦੀ ਹਟਾਉਣ ਦੀ ਸੰਭਾਵਨਾ ਨਹੀਂ

* ਸੰਗਠਿਤ ਮਜ਼ਦੂਰਾਂ ਦੇ ਦਬਾਅ ਕਾਰਨ ਅਜੇ ਤੱਕ ਨਹੀਂ ਚੁੱਕਿਆ ਕੋਈ ਕਦਮ

ਸੈਕਰਾਮੈਂਟੋ, 10 ਮਾਰਚ (ਹੁਸਨ ਲੜੋਆ ਬੰਗਾ)- ਰਾਸ਼ਟਰਪਤੀ ਜੋਅ ਬਾਇਡੇਨ ਵੱਲੋਂ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਕੁਸ਼ਲ ਆਰਜੀ ਵਰਕਰਾਂ (ਐਚ-1 ਬੀ ਵੀਜ਼ਾ) ਉਪਰ ਲਾਈ ਪਾਬੰਦੀ ਹਟਾਉਣ ਦੀ ਸੰਭਾਵਨਾ ਨਹੀਂ ਹੈ। ਭਾਰਤੀ ਅਮਰੀਕੀ ਇਮੀਗ੍ਰੇਸ਼ਨ ਅਟਾਰਨੀ ਸਾਇਰਸ ਮਹਿਤਾ ਨੇ 'ਵੈਸਟ ਇੰਡੀਆ' ਨਾਲ ਗੱਲਬਾਤ ਕਰਦਿਆਂ ਕਿਹਾ ਕਿ ਐਚ 1 ਬੀ ਵੀਜ਼ਾ ਉਪਰੋਂ ਪਾਬੰਦੀ ਖਤਮ ਕਰਨ ਦੀ ਸੰਭਾਵਨਾ ਘੱਟ ਨਜਰ ਆ ਰਹੀ ਹੈ ਕਿਉਂਕਿ ਬਾਇਡੇਨ ਨੇ ਇਸ ਸਬੰਧੀ ਅਜੇ ਤੱਕ ਕੋਈ ਕਦਮ ਨਹੀਂ ਚੁੱਕਿਆ ਹੈ। ਸੰਭਾਵੀ ਤੌਰ 'ਤੇ ਰਾਸ਼ਟਰਪਤੀ ਸੰਗਠਿਤ ਕਿਰਤੀਆਂ ਤੇ ਰਿਪਬਲੀਕਨਾਂ ਦੇ ਦਬਾਅ ਹੇਠ ਆ ਗਏ ਹਨ। ਰਾਸ਼ਟਰਪਤੀ ਵੱਲੋਂ ਹਾਲ ਹੀ ਵਿਚ ਸਾਬਕਾ ਰਾਸ਼ਟਰਪਤੀ ਦੁਆਰਾ ਕੋਵਿਡ-19 ਦਰਮਿਆਨ ਪਰਿਵਾਰਕ ਇਮੀਗ੍ਰੇਸ਼ਨ ਉਪਰ ਲਾਈ ਰੋਕ ਹਟਾਈ ਗਈ ਸੀ ਤੇ ਸਮਝਿਆ ਜਾਂਦਾ ਸੀ ਕਿ ਉਹ ਉੱਚ ਕੁਸ਼ਲ ਵਰਕਰਾਂ ਦੇ ਅਮਰੀਕਾ ਵਿਚ ਦਾਖਲੇ ਉਪਰ ਲਾਈ ਰੋਕ ਵੀ ਛੇਤੀ ਹਟਾ ਦੇਣਗੇ ਪਰ ਇਸ ਸਬੰਧੀ ਕੋਈ ਕਾਰਵਾਈ ਨਾ ਹੋਣ ਕਾਰਨ ਮਾਮਲਾ ਸ਼ੱਕ ਦੇ ਘੇਰੇ ਵਿਚ ਆ ਗਿਆ ਹੈ। ਸਾਬਕਾ ਰਾਸ਼ਟਰਪਤੀ ਟਰੰਪ ਨੇ ਸਥਾਨਕ ਲੋਕਾਂ ਨੂੰ ਰੁਜ਼ਗਾਰ ਦੇਣ ਦੇ ਮੰਤਵ ਨਾਲ ਇਹ ਪਾਬੰਦੀ ਲਾਈ ਸੀ ਜੋ ਅਜੇ ਵੀ ਜਾਰੀ ਹੈ। ਪਾਬੰਦੀ ਦੇ ਬਾਵਜੂਦ ਅਮਰੀਕਾ ਵਿਚ ਬੇਰੁਜ਼ਗਾਰੀ ਵਿੱਚ 10% ਤੋਂ ਵਧ ਦਾ ਵਾਧਾ ਹੋਇਆ ਹੈ ਤੇ 3 ਕਰੋੜ 20 ਲੱਖ ਤੋਂ ਵਧ ਅਮਰੀਕੀਆਂ ਨੇ ਬੇਰੁਜ਼ਗਾਰੀ ਲਾਭ ਲਈ ਦਾਅਵਾ ਕੀਤਾ ਹੈ। ਮਹਿਤਾ ਨੇ ਕਿਹਾ ਕਿ ਬਾਇਡੇਨ ਨੂੰ ਪ੍ਰੋਤਸਾਹਨ ਬਿੱਲ ਪਾਸ ਕਰਵਾਉਣ ਲਈ ਸਮਰਥਨ ਦੀ ਲੋੜ ਹੈ। ਇਥੇ ਜਿਕਰਯੋਗ ਹੈ ਕਿ ਟਰੰਪ ਵੱਲੋਂ ਲਾਈ ਪਾਬੰਦੀ 31 ਮਾਰਚ ਨੂੰ ਖਤਮ ਹੋਣ ਵਾਲੀ ਹੈ। ਹੁਣ ਵੇਖਣ ਵਾਲੀ ਗੱਲ ਇਹ ਹੈ ਕਿ ਬਾਇਡੇਨ ਮਾਰਚ ਤੋਂ ਬਾਅਦ ਵੀ ਇਹ ਪਾਬੰਦੀ ਜਾਰੀ ਰਖਦੇ ਹਨ ਜਾਂ ਨਹੀਂ। ਬਾਇਡੇਨ ਲਈ ਇਹ ਪਰਖ ਦੀ ਘੜੀ ਵੀ ਹੈ ਕਿਉਂਕਿ ਭਾਰਤੀਆਂ ਸਮੇਤ ਲੱਖਾਂ ਏਸ਼ੀਅਨਾਂ ਨੇ ਟਰੰਪ ਵੱਲੋਂ ਲਾਈਆਂ ਪਾਬੰਦੀਆਂ ਦੇ ਵਿਰੋਧ ਵਿਚ ਬਾਈਡੇਨ ਦਾ ਖੁਲ ਕੇ ਸਮਰਥਨ ਕੀਤਾ ਸੀ ਤੇ ਬਾਇਡੇਨ ਨੇ ਚੋਣ ਪ੍ਰਚਾਰ ਦੌਰਾਨ ਇਹ ਪਾਬੰਦੀਆਂ ਖਤਮ ਕਰਨ ਦੇ ਐਲਾਨ ਵੀ ਕੀਤੇ ਸਨ।

# ਗੱਡੀ ਵਿੱਚ ਗੋਲੀ ਮਾਰੇ ਜਾਣ ਕਾਰਨ ਇੱਕ ਵਿਅਕਤੀ ਦੀ ਹੋਈ ਮੌਤ



ਟੋਰਾਂਟੋ, 10 ਮਾਰਚ (ਪੋਸਟ ਬਿਊਰੋ) : ਬੁੱਧਵਾਰ ਸ਼ਾਮ ਨੂੰ ਬਰੈਂਪਟਨ ਵਿੱਚ ਇੱਕ ਵਿਅਕਤੀ ਨੂੰ ਗੱਡੀ ਵਿੱਚ ਗੋਲੀ ਮਾਰੇ ਜਾਣ ਕਾਰਨ ਉਸ ਦੀ ਮੌਤ ਹੋ ਗਈ।

ਰਾਤੀਂ 7:00 ਵਜੇ ਤੋਂ ਬਾਅਦ ਪੀਲ ਪੁਲਿਸ ਨੂੰ ਆਰਚਡੇਕਿਨ ਡਰਾਈਵ ਤੇ ਰਦਰਫੋਰਡ ਰੋਡ ਇਲਾਕੇ ਵਿੱਚ ਚੱਲੀ ਇਸ ਗੋਲੀ ਦੇ ਮਾਮਲੇ ਵਿੱਚ ਇਤਲਾਹ ਦੇ ਕੇ ਸੱਦਿਆ ਗਿਆ। ਜਦੋਂ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ ਤਾਂ ਉਨ੍ਹਾਂ ਨੂੰ ਇੱਕ ਗੱਡੀ ਵਿੱਚ ਜ਼ਖ਼ਮੀ ਹਾਲਤ ਵਿੱਚ ਇੱਕ ਵਿਅਕਤੀ ਮਿ-ਲਆ ਜਿਸ ਦੇ ਗੋਲੀਆਂ ਲੱਗੀਆਂ ਹੋਈਆਂ ਸਨ। ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਅਜੇ ਤੱਕ ਕਿਸੇ ਵੀ ਮਸ਼ਕੂਕ ਬਾਰੇ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ।

ਕਾਂਸਟੇਬਲ ਅਖਿਲ ਮੂਕਨ ਨੇ ਆਖਿਆ ਕਿ ਹੋਮੀਸਾਈਡ ਤੇ ਮਿਸਿੰਗ ਪਰਸਨਜ਼ ਬਿਊਰੋ ਵੱਲੋਂ ਮਾਮਲੇ ਦੀ ਜਾਂਚ ਆਪਣੇ ਹੱਥਾਂ ਵਿੱਚ ਲੈ ਲਈ ਗਈ ਹੈ। ਮੂਕਨ ਨੇ ਇਹ ਵੀ ਆਖਿਆ ਕਿ ਉਹ ਇਸ ਇਲਾਕੇ ਵਿੱਚ ਰਹਿਣ ਵਾਲੇ ਲੋਕਾਂ ਤੋਂ ਪੁੱਛਗਿੱਛ ਕਰ ਰਹੇ ਹਨ ਕਿਉਂਕਿ ਉਨ੍ਹਾਂ ਵਿੱਚੋਂ ਕਿਸੇ ਨੇ ਵਾਰਦਾਤ ਹੁੰਦੀ ਵੇਖੀ ਹੋ ਸਕਦੀ ਹੈ। ਉਨ੍ਹਾਂ ਇਹ ਵੀ ਆਖਿਆ ਕਿ ਉਹ ਪਤਾ ਲਾਉਣਾ ਚਾਹੁੰਦੇ ਹਨ ਕਿ ਇਸ ਵਿਅਕਤੀ ਨੂੰ ਚੱਲਦੀ ਗੱਡੀ ਵਿੱਚੋਂ ਗੋਲੀ ਮਾਰੀ ਗਈ ਜਾਂ ਇਸ ਨੂੰ ਮਾਰਨ ਦਾ ਕੋਈ ਹੋਰ ਰਾਹ ਅਪਣਾਇਆ ਗਿਆ।

# ਨਵਜੋਤ ਸਿੱਧੂ ਅਤੇ ਹਰੀਸ਼ ਰਾਵਤ ਦੀਆਂ ਮੀਟਿੰਗਾਂ ਪਿੱਛੋਂ ਪਾਰਟੀ ਵਿੱਚ ਸਿੱਧੂ ਦੀ ਬਹਾਲੀ ਦੇ ਚਰਚੇ ਤੇਜ਼



ਚੰਡੀਗੜ੍ਹ, 10 ਮਾਰਚ, (ਪੋਸਟ ਬਿਊਰੋ)- ਕਾਂਗਰਸ ਹਾਈ ਕਮਾਂਡ ਵੱਲੋਂ ਪੰਜਾਬ ਦੇ ਇੰਚਾਰਜ ਉੱਤਰਾਖੰਡ ਦੇ ਸਾਬਕਾ ਮੁੱਖ ਮੰਤਰੀ ਹਰੀਸ਼ ਰਾਵਤ ਨੇ ਪੰਜਾਬ ਦੇ ਸਾਬਕਾ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੱਧੂ ਨੂੰ ਮਨਾਉਣ ਦੀ ਕੋਸ਼ਿਸ਼ ਫਿਰ ਤੇਜ਼ ਕਰ ਦਿੱਤੀ ਹੈ, ਜਿਸ ਵਿੱਚ ਸਿੱਧੂ ਨੂੰ ਰਾਜ ਸਰਕਾਰ ਵਿੱਚਵਾਪਸ ਲਿਆਉਣ ਦੇ ਯਤਨ ਸ਼ਾਮਲ ਹਨ।

ਅੱਜਬੁੱਧਵਾਰ ਨੂੰ ਹਰੀਸ਼ ਰਾਵਤ ਨੇ ਪੰਜਾਬ ਭਵਨਚੰਡੀਗੜ੍ਹਵਿੱਚ ਨਾਸ਼ਤੇ ਦੌਰਾਨ ਨਵਜੋਤ ਸਿੱਧੂ ਨਾਲ ਮੁਲਾਕਾਤ ਕੀਤੀ। ਇਸ ਪਿੱਛੋਂ ਜਾਣਕਾਰ ਸੂਤਰਾਂ ਨੇ ਦੱਸਿਆ ਕਿ ਨਵਜੋਤ ਸਿੰਘਸਿੱਧੂ ਇਸ ਗੱਲ ਉੱਤੇ ਅੜੇ ਰਹੇ ਹਨ ਕਿ ਜਾਂ ਉਨ੍ਹਾਂ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਇਆ ਜਾਵੇ ਜਾਂ ਪੰਜਾਬ ਕੈਬਨਿਟਵਿੱਚ ਉਨ੍ਹਾਂ ਤੋਂ ਖੋਹਿਆ ਪੁਰਾਣਾ ਵਿਭਾਗ ਸਨਮਾਨ ਨਾਲ ਵਾਪਸ ਕੀਤਾ ਜਾਵੇ। ਸਮਝਿਆ ਜਾਂਦਾ ਹੈ ਕਿ ਨਵਜੋਤ ਸਿੱਧੂ ਨਾਲ ਬੈਠਕਪਿੱਛੋਂ ਹਰੀਸ਼ ਰਾਵਤ ਜਲਦੀ ਹੀ ਕੈਪਟਨ ਅਮਰਿੰਦਰ ਸਿੰਘ ਨੂੰ ਮਿਲ ਕੇ ਇਹਮੁੱਦਾ ਸੁਲਝਾਉਣ ਦੀ ਕੋਸ਼ਿਸ਼ ਕਰਨਗੇ। ਇਸ ਤੋਂ ਪਹਿਲਾਂ ਉਹ ਕੈਪਟਨ ਅਮਰਿੰਦਰ ਸਿੰਘ ਨੂੰ ਮਿਲ ਚੁੱਕੇ ਹਨ ਅਤੇ ਇੱਕ ਵਾਰੀ ਕੈਪਟਨ ਤੇ ਸਿੱਧੂ ਨੂੰ ਮਿਲਾ ਚੁੱਕੇ ਹਨ। ਪਤਾ ਲੱਗਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਪੰਜਾਬ ਕਾਂਗਰਸ ਦੀਪ੍ਰਧਾਨਗੀਜਾਂ ਲੋਕਲ ਬਾਡੀਜ਼ ਮੰਤਰੀ ਦਾ ਅਹੁਦਾ ਨਵਜੋਤਸਿੱਧੂ ਨੂੰ ਨਹੀਂ ਦੇਣਾ ਚਾਹੁੰਦੇ।

ਇਸ ਤੋਂ ਪਹਿਲਾਂ ਪਿਛਲੇ ਸਾਲ ਕੈਪਟਨ ਅਮਰਿੰਦਰ ਸਿੰਘ ਦੀ ਖਾਣੇ ਦੌਰਾਨ ਨਵਜੋਤ ਸਿੱਧੂ ਨਾਲ ਮੁਲਾਕਾਤ ਪਿੱਛੋਂ ਸਾਬਕਾ ਕ੍ਰਿਕਟਰ ਨਵਜੋਤ ਸਿੱਧੂ ਦੀ ਮੰਤਰੀ ਮੰਡਲ ਵਿੱਚਵਾਪਸੀ ਦੀਆਂ ਅਟਕਲਾਂ ਤੇਜ਼ ਹੋ ਗਈਆਂ ਸਨ, ਪਰ ਇਸ ਦੇ ਬਾਅਦ ਫਿਰ ਸਾਰਾ ਕੁਝ ਠੱਪ ਹੋ ਗਿਆ ਸੀ। ਦੋ ਕੁ ਸਾਲ ਪਹਿਲਾਂ ਲੋਕ ਸਭਾ ਚੋਣਾਂ ਵਿੱਚ ਪੈਦਾ ਹੋਏ ਮੱਤਭੇਦ ਦੇ ਬਾਅਦ ਮੰਤਰੀ ਮੰਡਲ ਵਿੱਚਤਬਦੀਲੀ ਮੌਕੇ ਨਵਜੋਤ ਸਿੱਧੂ ਤੋਂ ਲੋਕਲ ਬਾਡੀਜ਼ ਮਹਿਕਮਾ ਜਦੋਂ ਵਾਪਸ ਲਿਆ ਗਿਆ ਤਾਂ ਉਨ੍ਹਾਂ ਨੇ ਮੰਤਰੀ ਵਜੋਂ ਅਸਤੀਫਾ ਦੇ ਦਿੱਤ- ਅਤੇ ਕਾਂਗਰਸ ਦੀਆਂ ਸਾਰੀਆਂ ਸਰਗਰਮੀਆਂ ਤੋਂ ਦੂਰ ਹੋ ਗਏ ਸਨ।

ਅੱਜ ਬੁੱਧਵਾਰ ਨੂੰ ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੇ ਆਖ਼ਰੀ ਦਿਨ ਨਵਜੋਤ ਸਿੰਘ ਸਿੱਧੂ ਨਾਲ ਅਚਾਨਕ ਹਰੀਸ਼ ਰਾਵਤ ਨੇ ਪੰਜਾਬ ਭਵਨਵਿੱਚ ਮੀਟਿੰਗ ਕੀਤੀ, ਜਿਹੜੀ ਵਿਧਾਨ ਸਭਾ ਦੀ ਕਾਰਵਾਈ ਤੋਂ ਪਹਿਲਾਂ ਹੋਈ। ਜਾਣਕਾਰ ਸੂਤਰ ਦੱਸਦੇ ਹਨ ਕਿ ਨਵਜੋਤ ਸਿੰਘਸਿੱਧੂ ਨੂੰ ਕਾਂਗਰਸ ਦਾ ਕੋਈ ਵੱਡਾ ਅਹੁਦਾ ਦੇਣ ਬਾਰੇ ਸਹਿਮਤੀ ਬਣ ਗਈ ਹੈ।

# ਪੰਜਾਬ ਦੇ ਅਕਾਲੀ ਵਿਧਾਇਕਾਂ ਵੱਲੋਂ ਹਰਿਆਣੇ ਦੇ ਮੁੱਖ ਮੰਤਰੀ ਖੱਟਰ ਦੇ ਘੇਰਾਓ ਦੀ ਕੋਸ਼ਿਸ਼



ਚੰਡੀਗੜ੍ਹ, 10 ਮਾਰਚ, (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾਦੇ ਅਜਲਾਸ ਲਈ ਇਕੱਠੇ ਹੋਏ ਅਕਾਲੀ ਵਿਧਾਇਕਾਂ ਨੇ ਅੱਜ ਵਿਧਾਨ ਸਭਾ ਦੀ ਪਾਰਕਿੰਗਵਿੱਚ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ ਗੱਡੀ ਨੂੰ ਘੇਰਨ ਦੀ ਕੋਸ਼ਿਸ਼ ਕੀਤੀ, ਜਿਸ ਦੌਰਾਨ ਹਰਿਆਣਾ ਤੇ ਚੰਡੀਗੜ੍ਹ ਪੁਲਿਸ ਨਾਲ ਖਿੱਚੋਤਾਣ ਵਿਚਾਲੇ ਅਕਾਲੀ ਵਿਧਾਇਕਾਂ ਨੇ ਦੂਰ ਤੋਂ ਮਨੋਹਰ ਲਾਲ ਖੱਟਰ ਨੂੰ ਵਿਖਾ ਕੇ ਕੁਝ ਝੰਡੇ ਹਵਾਵਿੱਚ ਲਹਿਰਾਏ ਅਤੇ ਧਿਆਨ ਖਿੱਚਿਆ।

ਹਰਿਆਣਾ ਵਿਧਾਨ ਸਭਾ ਦੇ ਸਪੀਕਰ ਗਿਆਨ ਚੰਦ ਗੁਪਤਾ ਨੇ ਅਕਾਲੀ ਦਲ ਦੇ ਵਿਧਾਇਕਾਂ ਵੱਲੋਂ ਹਰਿਆਣਾ ਦੇ ਮੁੱਖ ਮੰਤਰੀ ਨੂੰ ਘੇਰਨ ਦੀ ਇਸ ਕੋਸ਼ਿਸ਼ ਨੂੰ ਸੁਰੱਖਿਆਵਿੱਚ ਵੱਡੀ ਖਾਮੀ ਮੰਨਿਆ ਅਤੇ ਇਸ ਬਾਰੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇਪੀ ਸਿੰਘ ਨਾਲ ਫੋਨ ਉੱਤੇਗੱਲਬਾਤਕਰ ਕੇਨਾਰਾਜ਼ਗੀ ਪ੍ਰਗਟ ਕੀਤੀ ਹੈ। ਗਿਆਨ ਚੰਦ ਗੁਪਤਾ ਦੇ ਮੁਤਾ-ਬਕ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ ਪੀ ਸਿੰਘ ਨੇ ਇਸ ਉੱਤੇਆਪਣੇ ਵੱਲੋਂ ਅਫਸੋਸ ਪ੍ਰਗਟ ਕੀਤਾ ਅਤੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਤੋਂ ਮਾਫ਼ੀ ਮੰਗੀ ਹੈ। ਗਿਆਨ ਚੰਦ ਗੁਪਤਾ ਨੇ ਕਿਹਾ ਕਿ ਸੁਰੱਖਿਆ ਮੁਲਾਜ਼ਮਾਂ ਨੂੰ ਇਸ ਤਰ੍ਹਾਂ ਦੀ ਘਟਨਾ ਦੀ ਅਗੇਤੀ ਜਾਣਕਾਰੀ ਮਿਲ ਗਈ ਸੀ, ਫਿਰ ਵੀ ਅਜਿਹਾ ਹੋਇਆ ਹੈ ਤਾਂ ਇਸ ਬਾਰੇ ਹਰਿਆਣਾ ਪੁਲਸ ਦੇ ਡੀਜੀਪੀ ਮਨੋਜ ਯਾਦਵ ਤੋਂ ਜਵਾਬ ਮੰਗਿਆ ਜਾਵੇਗਾ ਅਤੇ ਪੰਜਾਬ ਤੇ ਚੰਡੀਗੜ੍ਹ ਦੇ ਪੁਲਿਸ ਅਧਿਕਾਰੀਆਂ ਨਾਲ ਗੱਲ ਕੀਤੀ ਜਾਵੇਗੀ। ਪਤਾ ਲੱਗਾ ਹੈ ਕਿ ਇਸ ਬਾਰੇ 12 ਮਾਰਚ ਨੂੰ ਤਿੰਨਾਂ ਰਾਜਾਂ ਦੇ ਪੁਲਿਸ ਅਫਸਰਾਂ ਦੀ ਬੈਠਕ ਹੋਵੇਗੀ।

ਇਸ ਦੌਰਾਨ ਹਰਿਆਣਾ ਦੇ ਮੁੱਖ ਮੰਤਰੀ ਨੂੰ ਘੇਰਨ ਆਏ ਅਕਾਲੀ ਦਲ ਦੇਸੀਨੀਅਰ ਵਿਧਾਇਕ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿਅਸੀਂ ਕਿਸਾਨਾਂ ਦੀ ਹਮਾਇਤਵਿੱਚ ਇਹ ਵਿਰੋਧ ਪ੍ਰਦਰਸ਼ਨ ਕੀਤਾ ਹੈਤੇ ਹਰਿਆਣੇ ਦੇ ਕਿਸਾਨਾਂ ਨਾਲ ਖੜੇ ਹੋਣ ਕਰ ਕੇ ਮੁੱਖ ਮੰਤਰੀ ਖੱਟਰ ਦੀ ਅਗਵਾਈ ਵਾਲੀ ਸਰਕਾਰ ਦੇ ਖ਼ਿਲਾਫ਼ ਅੰਦੋਲਨ ਏਦਾਂ ਹੀ ਕਰਦੇ ਰਹਾਂਗੇ। ਉਨ੍ਹਾਂਕਿਹਾ ਕਿ ਹਰਿਆਣਾ ਸਰਕਾਰ ਨੇ ਫ਼ੌਜੀਆਂ ਅਤੇ ਕਿਸਾਨਾਂ ਦੋਵਾਂ ਦਾ ਅਪਮਾਨ ਕੀਤਾ ਹੈ। ਮਜੀਠੀਆ ਨੇਕਿਹਾ ਕਿ ਅੱਜ ਮਨੋਹਰ ਲਾਲ ਭਰੋਸੇ ਦਾ ਵੋਟ ਜਿੱਤ ਕੇ ਵੀ ਹਾਰ ਗਏ ਹਨ। ਅਕਾਲੀ ਵਿਧਾਇਕ ਸ਼ਰਨਜੀਤ ਸਿੰਘ ਢਿੱਲੋਂ, ਲਖਬੀਰ ਸਿੰਘ ਲੋਧੀਨੰਗਲ, ਐੱਨਕੇ ਸ਼ਰਮਾ, ਮਨਪ੍ਰੀਤ ਸਿੰਘ ਇਆਲੀ, ਗੁਰਪ੍ਰਤਾਪ ਸਿੰਘ ਵਡਾਲਾ,ਕੰਵਰਜੀਤ ਸਿੰਧ ਬਰਕੰਦੀ, ਹਰਿੰਦਰਪਾਲ ਸਿੰਘ ਚੰਦੂਮਾਜਰਾ ਅਤੇ ਬਲਦੇਵ ਖਹਿਰਾ ਇਸ ਮੌਕੇ ਮਜੀਠੀਆ ਦੇ ਨਾਲ ਸਨ।

# ਮਿਸੀਸਾਗਾ ਨੂੰ ਰੈੱਡ ਜ਼ੋਨ ਵਿੱਚ ਹੀ ਰੱਖਿਆ ਜਾਵੇ : ਕ੍ਰੌਂਬੀ

...ਪੰਨਾ 1 ਦਾ ਬਾਕੀ

ਕ੍ਰੌਂਬੀ ਨੇ ਇਹ ਵੀ ਆਖਿਆ ਕਿ ਅਜੇ ਸਾਡੇ ਹਾਲਾਤ ਸਹੀ ਨਹੀਂ ਹੋਏ ਹਨ ਤੇ ਬਰੈਂਪਟਨ ਨਾਲ ਇਸ ਨੂੰ ਗ੍ਰੇਅ ਜ਼ੋਨ ਵਿੱਚ ਸ਼ਾਮਲ ਨਹੀਂ ਕੀਤਾ ਜਾ ਸਕਦਾ। ਮੇਅਰ ਨੇ ਦ੍ਰਿੜਤਾ ਨਾਲ ਆਖਿਆ ਕਿ ਮਿਸੀਸਾਗਾ ਵੀ ਵਾਅਨ, ਓਕਵਿੱਲ, ਮਿਲਟਨ ਤੇ ਮਾਰਖਮ ਵਾਂਗ ਵੱਖਰਾ ਸ਼ਹਿਰ ਹੈ ਤੇ ਇਹ ਵੀ ਬਰੈਂਪਟਨ ਦੇ ਕਾਫੀ ਨੇੜੇ ਹੈ। ਯੌਰਕ ਤੇ ਹਾਲਟਨ ਰੀਜਨਜ਼ ਵੀ ਬਰੈਂਪਟਨ ਦੇ ਨੇੜੇ ਹਨ ਪਰ ਉਹ ਰੈੱਡ ਜ਼ੋਨ ਵਿੱਚ ਹਨ। ਇਸ ਹਫਤੇ ਪੀਲ ਰੀਜਨ ਵਿੱਚ ਪ੍ਰਤੀ 100,000 ਵਾਸੀਆਂ ਪਿੱਛੇ ਕੋਵਿਡ-19 ਦੇ 88 ਕੇਸ ਪਾਏ ਗਏ ਜੋ ਕਿ ਪਿਛਲੇ ਹਫਤੇ ਦੇ ਮੁਕਾਬਲੇ ਜ਼ਿਆਦਾ ਹਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated

19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
KAUR LAW OFFICE
Red Seal NOTARY

MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636

2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# 'ਦਿਸ਼ਾ' ਵੱਲੋਂ ਕਰਵਾਇਆ ਗਿਆ ਅੰਤਰ-ਰਾਸ਼ਟਰੀ ਔਰਤ-ਦਿਵਸ ਨੂੰ ਸਮਰਪਿਤ ਦੋ-ਰੋਜ਼ਾ ਵੈਬੀਨਾਰ

## 'ਦਿਸ਼ਾ' ਵੱਲੋਂ ਕਰਵਾਇਆ ਗਿਆ ਅੰਤਰ-ਰਾਸ਼ਟਰੀ ਔਰਤ-ਦਿਵਸ ਨੂੰ ਸਮਰਪਿਤ ਦੋ-ਰੋਜ਼ਾ ਵੈਬੀਨਾਰ

ਨੌਦੀਪ ਕੌਰ ਤੇ ਭੰਵਰੀ ਦੇਵੀ ਹੋਈਆਂ ਆਪਣੀਆਂ ਭਾਵਨਾਵਾਂ ਤੇ ਤਜਰਬਿਆਂ ਨਾਲ ਹਾਜ਼ਰੀਨ ਦੇ ਰੂ-ਬਰੂ

ਬਰੈਂਪਟਨ (ਡਾ. ਝੰਡ) -8 ਮਾਰਚ, ਔਰਤਾਂ ਦੀ ਅੰਤਰ-ਰਾਸ਼ਟਰੀ ਸੰਸਥਾ 'ਦਿਸ਼ਾ' ਵੱਲੋਂ ਅੰਤਰ-ਰਾਸ਼ਟਰੀ ਨਾਰੀ-ਦਿਵਸ ਨੂੰ ਸਮਰਪਿਤ ਦੋ-ਰੋਜ਼ਾ ਵੈਬੀਨਾਰ ਆਯੋਜਿਤ ਕੀਤਾ ਗਿਆ। 6 ਮਾਰਚ ਸ਼ਨੀਵਾਰ ਨੂੰ ਬੀਤੇ ਦਿਨੀਂ ਮਜ਼ਦੂਰ ਆਗੂ ਵਜੋਂ ਉੱਭਰੀ ਅਤੇ ਹਰਿਆਣਾ ਪੁਲੀਸ ਦੇ ਜਬਰ ਦਾ ਸ਼ਿਕਾਰ ਹੋਈ ਨੌਦੀਪ ਕੌਰ ਨਾਲ ਰੂ-ਬਰੂ ਦਾ ਪ੍ਰੋਗਰਾਮ ਸੀ ਅਤੇ ਉਸ ਤੋਂ ਅਗਲੇ ਦਿਨ ਐਤਵਾਰ 7 ਮਾਰਚ ਨੂੰ ਰਾਜਸਥਾਨ ਦੇ ਪਿੰਡ ਭਤੇਰੀ ਦੀ ਵਸਨੀਕ ਭੰਵਰੀ ਦੇਵੀ ਜੋ ਉੱਥੇ ਦਸੰਬਰ 1992 ਵਿਚ ਜ਼ੋਰ-ਜਬਰ ਤੇ ਬਲਾਤਕਾਰ ਦਾ ਸ਼ਿਕਾਰ ਹੋਈ ਸੀ, ਵੱਲੋਂ ਹਾਜ਼ਰੀਨ ਨਾਲ ਵਿਚਾਰ ਸਾਂਝੇ ਕਰਨ ਦਾ ਸੀ।

ਪਹਿਲੇ ਦਿਨ ਦੇ ਵੈਬੀਨਾਰ ਦੀ ਸ਼ੁਰੂਆਤ ਪੱਤਰਕਾਰ, ਨਾਰੀ ਸੰਘਰਸ਼ ਤੇ ਕਿਸਾਨ ਸੰਘਰਸ਼ ਦੀ ਕਾਰਕੁੰਨ ਸੰਗੀਤ ਤੂਰ ਜਿਸ ਨੇ ਆਪਣੀਆਂ ਸਖ਼ੀਆਂ ਨਾਲ ਮਿਲ ਕੇ ਪਿਛਲੇ ਦਿਨੀਂ "ਕਿਰਤੀ ਧਰਤੀ" ਨਾਂ ਦਾ ਅਖ਼ਬਾਰ ਆਰੰਭ ਕੀਤਾ ਹੈ ਅਤੇ ਜਿਸ ਦਾ ਸਮੁੱਚਾ ਪ੍ਰਬੰਧ ਲੜਕੀਆਂ ਹੀ ਕਰਦੀਆਂ ਹਨ, ਵੱਲੋਂ ਕੀਤੀ ਗਈ। ਇਸ ਦੌਰਾਨ ਨੌਦੀਪ ਕੌਰ ਨੇ ਆਪਣੇ ਜੀਵਨ-ਬ੍ਰਿਤਾਂਤ ਦਾ ਜ਼ਿਕਰ ਕਰਦੇ ਹੋਏ ਦੱਸਿਆ ਕਿ ਉਹ ਪੰਜਾਬ ਦੇ ਮੁਕਤਸਰ ਜ਼ਿਲੇ ਦੇ ਇਕ ਦਲਿਤ ਪਰਿਵਾਰ ਨਾਲ ਸਬੰਧਿਤ ਹੈ। ਉਸ ਦੇ ਮਾਪੇ ਖੇਤ-ਮਜ਼ਦੂਰਾਂ ਅਤੇ ਕਿਰਤੀਆਂ ਦੇ ਹੱਕਾਂ ਲਈ ਲੜਾਈ ਵਿਚ ਕੁੱਦੇ ਸਨ ਅਤੇ ਉਨ੍ਹਾਂ ਦੇ ਹੱਕਾਂ ਲਈ ਉਹ ਕੇਵਲ ਸਰਗਰਮ ਹੀ ਨਹੀਂ ਸਨ, ਸਗੋਂ ਇਸ ਸੰਘਰਸ਼ ਵਿਚ ਮੁੱਖ-ਭੂਮਿਕਾ ਰਹੇ ਸਨ। ਜਦੋਂ ਪਿੰਡ ਦੀ ਇਕ ਦਲਿਤ ਲੜਕੀ ਨਾਲ ਸਰਦੇ-ਪੁੱਜਦੇ ਪਰਿਵਾਰ ਦੇ ਲੜਕੇ ਵੱਲੋਂ ਬਲਾਤਕਾਰ ਕੀਤਾ ਗਿਆ ਤਾਂ ਉਸ ਦੇ ਪਰਿਵਾਰ ਨੇ ਇਸ ਦੇ ਵਿਰੁੱਧ ਸੰਘਰਸ਼ ਕੀਤਾ ਜਿਸ ਵਿਚ ਹੋਰ ਦਲਿਤ ਪਰਿਵਾਰਾਂ ਵੱਲੋਂ ਵੀ ਉਨ੍ਹਾਂ ਦਾ ਸਾਥ ਦਿੱਤਾ ਗਿਆ। ਸਿੱਟੇ ਵਜੋਂ, ਇਨ੍ਹਾਂ ਦਲਿਤ ਪਰਿਵਾਰਾਂ ਦਾ ਸਮਾਜਿਕ-ਬਾਈਕਾਟ ਕਰ ਦਿੱਤਾ ਗਿਆ। ਹਾਲਾਤ ਇਸ ਹੱਦ ਤੀਕ ਬਦਤਰ ਬਣਾ ਦਿੱਤੇ ਗਏ ਕਿ ਉਨ੍ਹਾਂ ਦੇ ਪਰਿਵਾਰ ਨੂੰ ਪਿੰਡ ਛੱਡਣਾ ਪਿਆ ਅਤੇ ਭਾਰਤ ਦੇ ਇਕ ਦੱਖਣੀ ਸੂਬੇ ਵਿਚ ਜਾ ਕੇ ਸ਼ਰਨ ਲੈਣੀ ਪਈ ਜਿਸ ਕਾਰਨ ਉਸ ਨੂੰ ਆਪਣੀ ਪੜ੍ਹਾਈ ਵਿਚਾਲੇ ਹੀ ਛੱਡਣੀ ਪਈ। ਰੋਜ਼ਗਾਰ ਦੀ ਭਾਲ ਵਿਚ ਉਹ ਹਰਿਆਣੇ ਆ ਗਈ ਜਿੱਥੇ ਉਸ ਨੂੰ ਕੁੰਡਲੀ ਇੰਡਸਟ੍ਰੀਅਲ ਏਰੀਏ ਵਿਚ ਇਕ ਫ਼ੈਕਟਰੀ ਵਿਚ ਨੌਕਰੀ ਮਿਲੀ। ਇੱਥੇ ਉਸ ਨੇ ਮਜ਼ਦੂਰਾਂ ਦੇ ਹੱਕਾਂ ਦੀ ਆਵਾਜ਼ ਉਠਾਈ ਅਤੇ ਉਹ ਉਨ੍ਹਾਂ ਦੀਆਂ ਤਨਖ਼ਾਹਾਂ ਅਤੇ ਬਕਾਇਆਂ ਦੇ ਲੱਖਾਂ ਰੁਪਏ ਦਿਵਾਉਣ ਵਿਚ ਕਾਮਯਾਬ ਹੋਈ ਜਿਸ ਕਾਰਨ ਉਹ ਫ਼ੈਕਟਰੀਆਂ ਦੇ ਮਾਲਕਾਂ ਦੀਆਂ ਅੱਖਾਂ ਵਿਚ ਰੜਕਣ ਲੱਗ






ਪਈ ਅਤੇ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ।

ਇਸ ਦੌਰਾਨ ਹੀ ਉਹ "ਮਜ਼ਦੂਰ ਅਧਿਕਾਰ ਸੰਗਠਨ" ਨਾਂ ਦੀ ਜੱਥੇਬੰਦੀ ਦੀ ਨੇਤਾ ਬਣ ਗਈ। ਕਿਸਾਨ ਮੋਰਚੇ ਦੀ ਹਮਾਇਤ ਕਰਨ ਲਈ ਆਪਣੀ ਜੱਥੇਬੰਦੀ ਦੇ ਦੋ ਹਜ਼ਾਰ ਮਜ਼ਦੂਰਾਂ ਨਾਲ ਦਿੱਲੀ ਦੇ ਸਿੰਘੂ ਬਾਰਡਰ 'ਤੇ ਇਸ ਅੰਦੋਲਨ ਵਿਚ ਸ਼ਾਮਲ ਹੋਈ। ਇਨ੍ਹਾਂ ਕਾਰਨਾਂ ਕਰਕੇ 12 ਜਨਵਰੀ 2021 ਨੂੰ ਉਸ ਉੱਪਰ ਝੂਠੇ ਕੇਸ ਪਾ ਕੇ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਮਰਦਾਨਾ ਪੁਲੀਸ ਨੇ ਉਸ ਦੀ ਬੇਤਹਾਸ਼ਾ ਕੁੱਟ-ਮਾਰ ਕੀਤੀ। ਕੋਈ ਡਾਕਟਰੀ ਮੁਆਇਨਾ ਨਹੀਂ ਕਰਵਾਇਆ ਗਿਆ ਅਤੇ ਕਰਨਾਲ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪੱਧਰ 'ਤੇ ਬਹੁਤ ਸਾਰੀਆਂ ਮਨੁੱਖੀ ਅਧਿਕਾਰ ਜੱਥੇਬੰਦੀਆਂ ਵੱਲੋਂ ਇਸ ਦੇ ਵਿਰੁੱਧ ਆਵਾਜ਼ ਉਠਾਉਣ ਅਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਸੀਨੀਅਰ ਵਕੀਲਾਂ ਰਜਿੰਦਰ ਸਿੰਘ ਚੀਮਾ ਅਤੇ ਰਾਜਵਿੰਦਰ ਸਿੰਘ ਬੈਂਸ ਦੀਆਂ ਟੀਮਾਂ ਦੇ ਦਖ਼ਲ ਸਦਕਾ ਉਸ ਨੂੰ ਜ਼ਮਾਨਤ 'ਤੇ ਰਿਹਾ ਕੀਤਾ ਗਿਆ। ਇਸ ਵੈਬੀਨਾਰ ਦੌਰਾਨ ਉਸ ਦੀ ਵੱਡੀ ਭੈਣ ਰਾਜਬੀਰ ਕੌਰ ਜੋ ਇਸ ਸਮੇਂ ਦਿੱਲੀ ਯੂਨੀਵਰਸਿਟੀ ਵਿਚ ਪਾਕਿਸਤਾਨੀ ਸਾਹਿਤ ਉੱਪਰ ਪੀ.ਐੱਚ.ਡੀ. ਕਰ ਰਹੀ ਹੈ ਅਤੇ ਜਿਸ ਨੇ ਪਾਕਿਸਤਾਨ ਦੇ ਮਸ਼ਹੂਰ ਪੰਜਾਬੀ ਕਵੀ ਬਾਬਾ ਜਜਮੀ ਉੱਪਰ ਐੱਮ.ਫ਼ਿਲ. ਕੀਤੀ ਹੈ, ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਸੁਆਲਾਂ-ਜੁਆਬਾਂ ਦੇ ਸੈਸ਼ਨ ਵਿਚ ਨੌਦੀਪ ਕੌਰ ਨੂੰ ਸੁਆਲ ਕਰਨ ਵਾਲਿਆਂ ਵਿਚ ਇੰਜ. ਬਲਦੇਵ ਸਿੰਘ ਬਰਾੜ, ਪ੍ਰੋ. ਜਗੀਰ ਸਿੰਘ ਕਾਹਲੋਂ, ਡਾ. ਸੁਖਦੇਵ ਸਿੰਘ ਝੰਡ, ਜਸਬੀਰ ਕੌਰ ਮੰਗੂਵਾਲ, ਹਰਜਸਪ੍ਰੀਤ ਕੌਰ ਗਿੱਲ, ਸੁਰਜੀਤ ਕੌਰ ਅਤੇ ਹੋਰ ਕਈ ਸ਼ਾਮਲ ਸਨ।

ਦੂਸਰੇ ਦਿਨ 7 ਮਾਰਚ ਦੇ ਰੂ-ਬਰੂ ਪ੍ਰੋਗਰਾਮ ਵਿਚ ਰਾਜਸਥਾਨ ਦੀ ਵਸਨੀਕ ਭੰਵਰੀ ਦੇਵੀ ਨੇ ਦੱਸਿਆ ਕਿ ਉਸ ਨਾਲ ਉਸ ਪਿੰਡ ਦੇ ਪੰਜ ਵਿਅੱਕਤੀਆਂ ਵੱਲੋਂ ਇਸ ਕਰਕੇ ਬਲਾਤਕਾਰ ਕੀਤਾ ਗਿਆ ਕਿ ਉਹ ਔਰਤਾਂ ਦੇ ਹੱਕ ਵਿਚ ਕਿਉਂ ਆਵਾਜ਼ ਉਠਾਉਂਦੀ ਹੈ। ਉੱਚ-ਜਾਤੀ ਦੇ ਦਬਾਅ ਹੇਠ ਉਸ ਦੀ ਐੱਫ਼.ਆਈ.ਆਰ. ਤਾਂ ਕੀ ਦਰਜ ਹੋਣੀ ਸੀ, ਸਗੋਂ ਉਸ ਨੂੰ ਹਰ ਪੱਧਰ 'ਤੇ ਜ਼ਲੀਲ ਕੀਤਾ ਗਿਆ। ਸਿਵਲ ਲਿਬਰਟੀਜ਼ ਦੀ ਕੌਮੀ ਸਕੱਤਰ ਕਵਿਤਾ ਸ੍ਰੀਵਾਸਤਵਾ ਨੇ ਦੱਸਿਆ ਕਿ ਭੰਵਰੀ ਦੇਵੀ ਦੇ ਦਲੇਰੀ ਨਾਲ ਖੜੀ ਰਹਿਣ ਕਰਕੇ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਸੰਸਥਾਵਾਂ ਵੀ ਉਸ ਦੇ ਹੱਕ ਵਿਚ ਆ ਗਈਆਂ। ਰੇਪ ਦੀ ਇਹ ਘਟਨਾ ਸਤੰਬਰ 1992 ਦੀ ਹੈ ਜਦੋਂ ਸਾਰਾ ਪਿੰਡ ਉਸ ਸਮੇਂ ਚੁੱਪ-ਚਾਪ ਰਿਹਾ ਅਤੇ ਕਿਸੇ ਨੇ ਵੀ ਉਸ ਦੇ ਹੱਕ ਵਿਚ 'ਹਾਅ ਦਾ ਨਾਅਰਾ' ਨਾ ਮਾਰਿਆ। ਇਸ ਕੇਸ ਦਾ ਫ਼ੈਸਲਾ 1997 ਵਿਚ ਜਾ ਕੇ ਹੋਇਆ ਜਦੋਂ ਬਲਾਤਕਾਰੀਆਂ ਵਿੱਚੋਂ ਚਾਰ ਜਣਿਆਂ ਦੀ ਮੌਤ ਹੋ ਚੁੱਕੀ ਸੀ ਅਤੇ ਕੇਵਲ ਇਕ ਨੂੰ ਹੀ ਉਸ ਕੁਕਰਮ ਦੀ ਸਜ਼ਾ ਮਿਲ ਸਕੀ।

ਇਸ ਦੌਰਾਨ ਇਸ ਕੇਸ ਦੇ ਮਹੱਤਵਪੂਰਨ ਵੇਰਵੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਔਰਤ ਭਲਾਈ ਵਿਭਾਗ ਦੀ ਮੁਖੀ ਡਾ. ਅਮੀਰ ਸੁਲਤਾਨਾ ਵੱਲੋਂ ਸਾਂਝੇ ਕੀਤੇ ਗਏ। ਉਨ੍ਹਾਂ ਦੱਸਿਆ ਕਿ ਭੰਵਰੀ ਦੇਵੀ ਨਾਲ ਇਸ ਹੱਦ ਤੀਕ ਜ਼ਲਾਲਤ ਭਰਿਆ ਵਿਹਾਰ ਕੀਤਾ ਗਿਆ ਕਿ ਉਸ ਨੂੰ ਨਿਰ-ਵਸਤਰ ਕੀਤਾ ਗਿਆ ਅਤੇ ਸਾਰੇ ਪਿੰਡ ਦੇ ਸਾਹਮਣੇ ਬਿਆਨ ਦਰਜ ਕਰਵਾਉਣ ਲਈ ਕਿਹਾ ਗਿਆ ਪਰ ਉਸ ਵੀਰਾਂਗਣਾ ਨੇ ਇਸ ਤੋਂ ਸਾਫ਼ ਇਨਕਾਰ ਕਰ ਦਿੱਤਾ। ਹੁਣ ਭੰਵਰੀ ਦੇਵੀ ਇਕ ਦਲੇਰ ਅਤੇ ਸਮਾਜ-ਸੁਧਾਰਕ ਆਗੂ ਔਰਤ ਦਾ ਚਿੰਨ੍ਹ ਬਣ ਚੁੱਕੀ ਹੈ। ਉਸ ਦੇ ਪਤੀ ਮੋਹਨ ਲਾਲ ਨੇ ਉਸ ਦਾ ਹਰ ਕਦਮ 'ਤੇ ਭਰਪੂਰ ਸਾਥ ਦਿੱਤਾ। ਉਹ ਹੁਣ ਭਾਵੇਂ ਇਸ ਸੰਸਾਰ ਵਿਚ ਨਹੀਂ ਹੈ, ਪਰ ਭੰਵਰੀ ਫਿਰ ਵੀ ਇਕੱਲੀ ਸਮਾਜ ਸੁਧਾਰ ਦੇ ਕੰਮਾਂ ਵਿਚ ਡਟੀ ਹੋਈ ਹੈ। ਉਸ ਦਾ ਮਾਣ-ਸਨਮਾਨ ਅੰਤਰ-ਰਾਸ਼ਟਰੀ ਪੱਧਰ 'ਤੇ ਹੋਇਆ ਹੈ। ਉਸ ਨੇ ਬਾਲ-ਵਿਆਹ ਦੇ ਕਈ ਮਾਮਲੇ ਉਠਾਏ ਹਨ ਅਤੇ ਔਰਤਾਂ ਦੇ ਹੱਕ ਵਿਚ ਡੱਟ ਕੇ ਖਲੋਂਦੀ ਹੈ। ਪ੍ਰੋ. ਜਗੀਰ ਸਿੰਘ ਕਾਹਲੋਂ ਵੱਲੋਂ ਕੀਤੇ ਗਏ ਇਕ ਸੁਆਲ ਦੇ ਜੁਆਬ ਵਿਚ ਉਸ ਨੇ ਕਿਹਾ ਕਿ ਬਲਾਤਕਾਰੀ ਨੂੰ ਨਾ ਗੋਲੀ ਨਾਲ ਉਡਾਉਣਾ ਚਾਹੀਦਾ ਹੈ ਅਤੇ ਨਾ ਹੀ ਫ਼ਾਂਸੀ ਲਗਾਉਣਾ ਚਾਹੀਦਾ ਹੈ, ਸਗੋਂ ਉਸ ਨੂੰ ਉਮਰ-ਭਰ ਜੇਲ੍ਹ ਵਿਚ ਸੜਨ ਲਈ ਸੁੱਟਣਾ ਚਾਹੀਦਾ ਹੈ। ਹੋਰ ਸੁਆਲ-ਕਰਤਾਵਾਂ ਵਿਚ ਹਰਿੰਦਰ ਗਿੱਲ, ਜਸਬੀਰ ਮੰਗੂਵਾਲ, ਹਰਨੇਕ ਸਿੰਘ, ਅਵਤਾਰ ਗਿੱਲ, ਮਲਕੀਤ ਸਿੰਘ, ਡਾ. ਗੁਰਮਿੰਦਰ ਸਿੱਧੂ, ਪ੍ਰੋ. ਨਵਰੂਪ ਮਾਗੋ ਅਤੇ ਅਰੂਜ ਰਾਜਪੂਤ ਸ਼ਾਮਲ ਸਨ। ਉਨ੍ਹਾਂ ਵੱਲੋਂ ਭੰਵਰੀ ਦੇਵੀ ਦੇ ਸਿਰੜ ਅਤੇ ਹੌਸਲੇ ਨੂੰ ਸਲਾਮ ਕੀਤੀ ਗਈ ਜਿਸ ਨੇ ਕੇਸ ਵਾਪਸ ਲੈਣ ਜਾਂ ਆਪਣੇ ਬਿਆਨ ਬਦਲਣ ਬਦਲੇ 5 ਵਿਘੇ ਜ਼ਮੀਨ ਅਤੇ ਇਕ ਲੱਖ ਰੁਪਏ ਦੀ ਪੇਸ਼ਕਸ਼ ਠੁਕਰਾਅ ਦਿੱਤੀ ਸੀ।

ਦੋਹਾਂ ਦਿਨਾਂ ਦੇ ਵੈੱਬਨਾਰ ਦੀ ਕਾਰਵਾਈ ਦਾ ਸੰਚਾਲਨ 'ਦਿਸ਼ਾ' ਦੀ ਸਰਪ੍ਰਸਤ ਡਾ. ਕੰਵਲਜੀਤ ਢਿੱਲੋਂ ਵੱਲੋਂ ਕੀਤਾ ਗਿਆ। ਇਸ ਤਰ੍ਹਾਂ ਇਹ ਦੋਵੇਂ ਸਮਾਗ਼ਮ ਯਾਦਗਾਰੀ ਹੋ ਨਿੱਬੜੇ ਜਿਸ ਦਾ ਸਿਹਰਾ ਇਸ ਜੱਥੇਬੰਦੀ ਨੂੰ ਜਾਂਦਾ ਹੈ ਜਿਸ ਨੇ ਇਨ੍ਹਾਂ ਦੋ ਮਹਾਨ ਸ਼ਖ਼ਸੀਅਤਾਂ ਨੂੰ ਦਰਸ਼ਕਾਂ ਦੇ ਰੂ-ਬਰੂ ਕੀਤਾ। ਦੋਹਾਂ ਸਮਾਗ਼ਮਾਂ ਵਿਚ ਦਰਸ਼ਕਾਂ ਦੀ ਹਾਜ਼ਰੀ ਇਸ ਸੰਸਥਾ ਦੇ ਪਿਛਲੇ ਸਮਾਗ਼ਮਾਂ ਦਾ ਰਿਕਾਰਡ ਤੋੜ ਗਈ।
















# ਮਿਸੀਸਾਗਾ ਵਿੱਚ ਲੋਕਲ ਜੌਬਜ਼ ਲਈ ਪਰਸਨਲ ਸਪੋਰਟ ਵਰਕਰਜ਼ ਨੂੰ ਟਰੇਨਿੰਗ ਦੇਵੇਗੀ ਓਨਟਾਰੀਓ ਸਰਕਾਰ

...ਪੰਨਾ 1 ਦਾ ਬਾਕੀ

ਕੈਨੇਡਾ ਓਨਟਾਰੀਓ ਜੌਬ ਗ੍ਰਾਂਟ ਦਾ ਮਕਸਦ ਜੌਬਸੀਕਰਜ਼ ਦੇ ਸਕਿੱਲਜ਼ ਤੇ ਉਨ੍ਹਾਂ ਦੇ ਇੰਪਲੌਈਜ਼ ਵਿੱਚ ਨਿਵੇਸ਼ ਕਰਨ ਲਈ ਇੰਪਲੌਇਰਜ਼ ਨੂੰ ਹੱਲਾਸ਼ੇਰੀ ਦੇਣਾ ਹੈ। ਜਿਹੜੇ ਇੰਪਲੌਇਰਜ਼ ਆਪਣੀ ਵਰਕਫੋਰਸ ਲਈ ਟਰੇਨਿੰਗ ਖਰੀਦਣੀ ਚਾਹੁੰਦੇ ਹਨ ਇਹ ਪ੍ਰੋਗਰਾਮ ਉਨ੍ਹਾਂ ਦੀ ਸਿੱਧੀ ਵਿੱਤੀ ਮਦਦ ਕਰਦਾ ਹੈ। ਇੰਪਲੌਇਰਜ਼ ਉਸ ਟਰੇਨਿੰਗ ਦੀ ਚੋਣ ਕਰ ਸਕਦੇ ਹਨ ਜਿਹੜੀ ਉਨ੍ਹਾਂ ਦੀ ਵਰਕਫੋਰਸ ਲਈ ਜ਼ਰੂਰੀ ਹੈ ਤੇ ਇਸ ਦੀ ਪਛਾਣ ਕਰ ਸਕਦੇ ਹਨ ਕਿ ਉਹ ਕਿਸ ਨੂੰ ਟਰੇਨਿੰਗ ਦੇਣਾ ਚਾਹੁੰਦੇ ਹਨ।

ਟਰੇਨਿੰਗ ਦੀਆਂ ਕੀਮਤਾਂ ਇੰਪਲੌਇਰਜ਼ ਤੇ ਸਰਕਾਰ ਦਰਮਿਆਨ ਸਾਂਝੀਆਂ ਕੀਤੀਆਂ ਜਾਂਦੀਆਂ ਹਨ। ਐਮਪੀਪੀ ਟਾਂਗਰੀ ਨੇ ਆਖਿਆ ਕਿ ਸਾਡੀ ਕਮਿਊਨਿਟੀ ਵਿੱਚ ਕੋਵਿਡ-19 ਮਹਾਂਮਾਰੀ ਦਰਮਿਆਨ ਮੂਹਰੇ ਰਹਿ ਕੇ ਕੰਮ ਕਰਨ ਵਾਲੇ ਪਰਸਨਲ ਸਪੋਰਟ ਵਰਕਰਜ਼ ਦੀ ਅਸੀਂ ਮਦਦ ਕਰਨੀ ਚਾਹੁੰਦੇ ਹਾਂ। ਇਹ 171,417 ਡਾਲਰ ਦਾ ਨਿਵੇਸ਼ 33 ਪਾਰਟੀਸਿਪੈਂਟਸ ਨੂੰ ਟਰੇਨ ਕਰਨ ਵਿੱਚ ਮਦਦਗਾਰ ਸਿੱਧ ਹੋਵੇਗਾ ਜਿਹੜੇ ਅਗਾਂਹ ਚੱਲ ਕੇ ਉਨ੍ਹਾਂ ਓਨਟਾਰੀਓ ਵਾਸੀਆਂ ਦੀ ਸੇਵਾ ਕਰਨਗੇ ਜਿਨ੍ਹਾਂ ਨੂੰ ਇਨ੍ਹਾਂ ਦੀ ਲੋੜ ਹੈ ਤੇ ਜਿਹੜੇ ਇਸ ਦੀ ਆਸ ਕਰਦੇ ਹਨ।

ਕੈਨੇਡਾ ਓਨਟਾਰੀਓ ਜੌਬ ਗ੍ਰਾਂਟ ਇੰਪਲੌਇਰਜ਼ ਨੂੰ 10,000 ਡਾਲਰ ਪ੍ਰਤੀ ਵਰਕਰ ਮੁਹੱਈਆ ਕਰਾਵੇਗੀ ਜਿਹੜੇ ਯੋਗ ਟਰੇਨਿੰਗ ਹਾਸਲ ਕਰਨਗੇ। ਨਿੱਕੇ ਇੰਪਲੌਇਰਜ਼ ਤੇ ਕੰਪਨੀਆਂ, ਜਿਨ੍ਹਾਂ ਦੇ 100 ਤੋਂ ਵੀ ਘੱਟ ਇੰਪਲੌਇਜ਼ ਹਨ, ਲਈ ਇਹ ਪ੍ਰੋਗਰਾਮ ਟਰੇਨਿੰਗ ਦੀ ਕੀਮਤ ਦਾ 83 ਫੀ ਸਦੀ ਖਰਚਾ ਝੱਲ ਸਕੇਗਾ। ਜੇ ਉਹ ਬੇਰੋਜ਼ਗਾਰ ਵਰਕਰਜ਼ ਨੂੰ ਟਰੇਨਿੰਗ ਦੇ ਰਹੇ ਹਨ ਜਾਂ ਹਾਇਰ ਕਰ ਰਹੇ ਹਨ ਤਾਂ ਇਹ ਹਿੱਸੇਦਾਰੀ 100 ਫੀ ਸਦੀ ਵੀ ਹੋ ਸਕਦੀ ਹੈ ਤੇ ਟਰੇਨਿੰਗ ਲੈਣ ਵਾਲੇ ਬੇਰੋਜ਼ਗਾਰ ਵਰਕਰਾਂ ਲਈ 15,000 ਡਾਲਰ ਪ੍ਰਤੀ ਵਰਕਰ ਦਿੱਤੀ ਜਾਵੇਗੀ।

ਲੇਬਰ, ਟਰੇਨਿੰਗ ਤੇ ਸਕਿੱਲਜ਼ ਡਿਵੈਲਪਮੈਂਟ ਮੰਤਰੀ ਮੌਂਟੀ ਮੈਕਨੌਟਨ ਨੇ ਆਖਿਆ ਕਿ ਪੀਐਸਡਬਲਿਊ ਲਈ ਲੋੜੀਂਦੀ ਟਰੇਨਿੰਗ ਉੱਤੇ ਜਿੰਨਾਂ ਖਰਚਾ ਆਉਂਦਾ ਹੈ ਸਾਡੀ ਸਰਕਾਰ ਉਸ ਵਿੱਚ ਹਿੱਸੇਦਾਰੀ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ ਤਾਂ ਕਿ ਅਸੀਂ ਓਨਟਾਰੀਓ ਵਾਸੀਆਂ ਦੀਆਂ ਸਿਹਤ ਸਬੰਧੀ ਲੋੜਾਂ ਨੂੰ ਪੂਰਾ ਕਰ ਸਕੀਏ ਤੇ ਹਾਲਵੇਅ ਹੈਲਥਕੇਅਰ ਖਤਮ ਕਰ ਸਕੀਏ।




# ਮਨੋਹਰ ਲਾਲ ਖੱਟਰਨੇ ਕਾਂਗਰਸ ਦਾ ਬੇਭਰੋਸੀ ਮਤਾ ਹਰਾ ਦਿੱਤਾ

*** ਕਾਂਗਰਸ ਨਾਲ 33 ਅਤੇ ਖੱਟਰ ਨਾਲ 55 ਵਿਧਾਇਕ ਖੜੇ ਰਹੇ**

ਚੰਡੀਗੜ੍ਹ, 10 ਮਾਰਚ, (ਪੋਸਟ ਬਿਊਰੋ)-ਹਰਿਆਣਾ ਦੀ ਮਨੋਹਰ ਲਾਲ ਖੱਟਰ ਸਰਕਾਰ ਅੱਜ ਬੁੱਧਵਾਰ ਨੂੰ ਵਿਧਾਨ ਸਭਾਵਿੱਚ ਬੇਭਰੋਸਗੀ ਮਤਾ ਦਾ ਸਾਹਮਣਾ ਕਰ ਕੇ ਕਾਂਗਰਸ ਦਾ ਹਮਲਾ ਪਛਾੜਨ ਵਿੱਚ ਕਾਮਯਾਗ ਰਹੀ ਹੈ।

ਵਰਨਣ ਯੋਗ ਹੈ ਕਿ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸ ਆਗੂ ਭੁਪਿੰਦਰ ਸਿੰਘ ਹੁਡਾ ਨੇ ਵਿਧਾਨ ਸਭਾ ਵਿੱਚ ਮੁੱਖ ਮੰਤਰੀ ਦੇ ਵਿਰੁੱਧ ਬੇਭਰੋਸਗੀ ਮਤਾ ਪੇਸ਼ ਕੀਤਾ ਸੀ। ਇਸ ਦੀ ਗਰਮਾ-ਗਰਮ ਚਰਚਾ ਦੌਰਾਨ ਕਾਗਰਸ ਤੇ ਭਾਜਪਾ ਦੇ ਆਗੂਆਂ ਦੀ ਤਿੱਖੀ ਬਹਿਸ ਹੁੰਦੀ ਰਹੀ। ਇਸ ਦੌਰਾਨ ਇਹ ਕਿਆਫੇ ਲੱਗਦੇ ਰਹੇ ਕਿ ਡਿਪਟੀ ਮੁੱਖ ਮੰਤਰੀ ਅਤੇ ਜਨਨਾਇਕ ਜਨਤਾ ਪਾਰਟੀ ਦਾ ਮੁਖੀ ਦੁਸ਼ਯੰਤ ਚੌਟਾਲਾ ਕਿਸੇ ਪਾਸੇ ਖੜਾ ਹੁੰਦਾ ਹੈ। ਉਹ ਆਖਰ ਨੂੰ ਭਾਜਪਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨਾਲ ਡਟ ਕੇ ਖੜਾ ਹੋ ਗਿਆ ਅਤੇ ਨਤੀਜੇ ਵਜੋਂ ਜਦੋਂ ਬੇਭਰੋਸਗੀ ਮਤੇ ਉੱਤੇ ਵੋਟਾਂ ਪੈਣ ਦੇ ਬਾਅਦ ਗਿਣਤੀ ਹੋਈ ਤਾਂ ਮਨੋਹਰ ਲਾਲ ਖੱਟਰ ਸਮੇਤ 55 ਮੈਂਬਰਾਂ ਨੇ ਬੇਭਰੋਸੀ ਮਤਾ ਰੱਦ ਕਰਨ ਦੇ ਪੱਖ ਵਿੱਚ ਵੋਟਾਂ ਪਾ ਦਿੱਤੀਆ ਤੇ ਕਾਂਗਰਸ ਦੇ ਬੇਭਰੋਸਗੀ ਮਤੇ ਨਾਲ ਸਿਰਫ 33 ਮੈਂਬਰ ਖੜੇ ਰਹੇ। ਹਰਿਆਣਾ ਦੀ 90 ਮੈਂਬਰੀ ਵਿਧਾਨ ਸਭਾ ਵਿੱਚ ਇਸ ਵੇਲੇ ਦੋ ਸੀਟਾਂ ਖਾਲੀ ਹੋਣ ਕਰ ਕੇ ਕੁੱਲ 88 ਵੋਟ ਕਰਨ ਵਾਲੇ ਮੈਂਬਰ ਹਨ। ਖੱਟਰ ਦੇ ਨਾਲ ਭਾਜਪਾ ਦੇ ਆਪਣੇ 40 ਮੈਂਬਰਾਂ ਦੇ ਇਲਾਵਾ ਜਨਨਾਇਕ ਜਨਤਾ ਪਾਰਟੀ ਦੇ ਦਸ ਅਤੇ ਪੰਜ ਆਜ਼ਾਦ ਵਿਧਾਇਕ ਵੀ ਖੜੇ ਸਨ।

ਕਾਂਗਰਸ ਵਲੋਂ ਪੇਸ਼ ਕੀਤੇ ਬੇਭਰੋਸਗੀ ਮਤੇ ਉੱਤੇ ਚਰਚਾ ਦੌਰਾਨ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਛੇੜਨ ਦੇ ਲਈ ਕਿਹਾ ਕਿ 'ਇਹਮਤਾ ਲਿਆਉਣ ਲਈ ਕਾਂਗਰਸ ਦਾ ਧੰਨਵਾਦ, ਕਾਂਗਰਸ ਹਰ 6 ਮਹੀਨੇ ਬਾਅਦ ਬੇਭਰੋਸਗੀ ਮਤਾ ਲੈ ਕੇ ਆਇਆ ਕਰੇ, ਸਾਡੀ ਸਰਕਾਰ ਨੂੰ ਕੋਈ ਖ਼ਤਰਾ ਨਹੀਂ। ਬੇਭਰੋਸਗੀ ਮਤੇ ਦਾ ਕਾਂਗਰਸ ਨੂੰ ਫਾਇਦਾ ਨਹੀਂ ਹੋਣਾ।'

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, Angrez Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.




**ਨੈਨੀ ਦੀ ਲੋੜ**

Queen and credit view area ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।

ਸੰਪਰਕ: 416-556-6884











# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | 647-739-4641
satsahibusa@gmail.com | 346-714-0224



# ਕਿਸਾਨ- ਮਜਦੂਰ ਕਿਸੇ ਵੀ ਦੇਸ਼ ਦੀ ਰੀੜ੍ਹ ਦੀ ਹੱਡੀ ਹੁੰਦੇ ਨੇ.....



ਹਰਮਨਪ੍ਰੀਤ ਸਿੰਘ,
98550 10005

ਅੱਜ ਆਪਣੀ ਹੋਂਦ ਦੀ ਲੜਾਈ ਲੜ ਰਿਹਾ ਕਿਸਾਨ, ਮਜਦੂਰ ਕਿਸੇ ਸਮੇਂ ਦੇਸ਼ ਨੂੰ ਭੁੱਖਮਰੀ ਜਹੀ ਮੁਸੀਬਤ ਚੋ ਕੱਢਣ ਵਾਲਾ, ਕੇਂਦਰ ਸਰਕਾਰ ਵੱਲੋ ਲਾਗੂ ਕੀਤੇ ਤਿੰਨ ਖੇਤੀ ਕਾਨੂੰਨਾਂ ਕਾਰਨ ਖੁਦ ਮੁਸੀਬਤ ਚ ਹੈ। ਸਾਨੂੰ ਸਭ ਨੂੰ ਇਹ ਸਮਜ਼ ਲੈਣਾ ਚਾਹੀਦਾ ਹੈ ਕਿ ਕਿਸਾਨ ਕਿਸੇ ਵੀ ਦੇਸ਼ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ, ਇਹ ਕਿਸਾਨ, ਮਜ਼ਦੂਰ ਹੀ ਤਾਂ ਨੇ ਜੋ ਦੇਸ਼ ਦੀ ਦਸ਼ਾ ਤੇ ਦਿਸ਼ਾ ਬਦਲ ਸਕਦੇ ਹਨ, ਪ੍ਰੰਤੂ ਸਰਕਾਰ ਨੇ ਤਾ ਇਨ੍ਹਾਂ ਹਰੀ ਕ੍ਰਾਂਤੀ (ਘਰਇਨ ੍ਰਵੋਲੁਟੋਨਿ) ਲਿਆਉਣ ਵਾਲਿਆਂ ਨੂੰ ਸੜਕਾ ਤੇ ਲਿਆ ਬਿਠਾਇਆ। ਦੇਸ਼ ਦੇ ਆਗੂ ਇਹ ਕਿਉ ਭੁੱਲੀ ਬੈਠੇ ਹਨ ਕਿ ਇਹ ਓਹੀ ਹਨ ਜਿਨ੍ਹਾਂ ਦੇਸ਼ ਵਿਚਲਾ ਅਨਾਜ ਦਾ ਸੰਕਟ ਦੂਰ ਕੀਤਾ, ਇਹ ਗੱਲ 1960-65 ਦੀ ਹੈ ਜਦੋਂ ਭਾਰਤ ਬਾਹਰਲੇ ਮੁਲਕਾ ਤੋਂ ਅਨਾਜ ਮੰਗਵਾਉਂਦਾ ਸੀ ਜਿਨ੍ਹਾਂ ਵਿਚ ਖਾਸ ਕਰ ਅਮਰੀਕਾ ਹੁੰਦਾ ਸੀ। ਦੇਸ਼ ਅੰਦਰ ਅਨਾਜ ਦੀ ਕਮੀ ਦੀ ਸਮੱਸਿਆ ਤੋਂ ਨਿਜਾਤ ਪਾਉਣ ਲਈ ਖੇਤੀ ਮਾਹਿਰਾਂ ਨੇ ਦੇਸ਼ ਵਿਚ ਅਨਾਜ ਦੀ ਪੈਦਾਵਾਰ ਵਧਾਉਣ ਲਈ ਪੰਜਾਬ, ਹਰਿਆਣਾ, ਪੱਛਮੀ ਉੱਤਰ ਪ੍ਰਦੇਸ਼ ਸੂਬੇ ਚੁਣੇ ਕਿਉ ਕਿ ਇਹ ਉਹ ਸੂਬੇ ਸਨ ਜਿੱਥੇ ਕਿਸਾਨ ਖੇਤੀ ਸਬੰਧੀ ਬਹੁਤ ਉਤਸ਼ਾਹੀ ਸਨ ਅਤੇ ਜਿੱਥੇ ਖੇਤੀ ਦੂਜੇ ਸੂਬਿਆਂ ਤੋਂ ਵੱਧ ਵਿਕਸਿਤ ਸੀ ਤੇ ਸਿੰਜਾਈ ਦੀਆਂ ਸਹੂਲਤਾਂ ਕਾਫੀ ਹੱਦ ਤੱਕ ਬਿਹਤਰ ਸਨ। ਕਿਸਾਨ, ਮਜਦੂਰਾਂ ਦੀ ਮਿਹਨਤ ਰੰਗ ਲਿਆਈ, ਕਣਕ ਤੇ ਝੋਨੇ ਦੀ ਪੈਦਾਵਾਰ ਕਰ ਦੇਸ਼ ਵਿਚ ਅਨਾਜ ਦੀ ਕਮੀ ਨੂੰ ਦੂਰ ਕੀਤਾ। ਦੇਸ਼ ਚ ਭੁੱਖਮਰੀ ਘਟੀ ਤੇ ਦੇਸ਼ ਦੀ ਜਨਤਾ ਨੂੰ ਅਨਾਜ ਮਿਲਣ ਲੱਗਾ। ਇਸ ਨੂੰ ਹੀ ਹਰੀ ਕ੍ਰਾਂਤੀ (ਘਰਇਨ ੍ਰਵੋਲੁਟੋਨਿ) ਕਿਹਾ ਗਿਆ ਇਹ ਕਿਸਾਨ, ਮਜ਼ਦੂਰ ਹੀ ਤਾਂ ਸੀ ਜਿਸ ਦੀ ਮਿਹਨਤ ਸਦਕਾ ਦੇਸ਼, ਦੁਨੀਆਂ ਚ ਮੁਲਕ ਦਾ ਮਾਣ-ਸਨਮਾਨ ਵਧਿਆ।

ਦੂਜੇ ਪਾਸੇ ਅੱਜ ਦੇ ਹਾਲਤ ਇਹ ਹਨ ਕਿ ਦੇਸ਼ ਦਾ ਅੰਨ ਦਾਤਾ ਆਪਣਾ ਘਰ-ਬਾਰ ਛੱਡ ਤਕਰੀਬਨ ਪਿਛਲੇ ਤਿੰਨ ਮਹੀਨਿਆਂ ਤੋਂ ਦਿੱਲੀ ਦੀਆਂ ਸਰਹੱਦਾਂ 'ਤੇ ਤਿੰਨ ਕਾਲੇ ਖੇਤੀ ਕਾਨੂੰਨਾਂ ਖ਼ਿਲਾਫ਼ ਅੰਦੋਲਨ ਕਰ ਰਿਹਾ ਹੈ। ਇਸ ਕਿਸਾਨ, ਮਜਦੂਰ ਅੰਦੋਲਨ ਵਿਚ ਹੁਣ ਤਕ ਸੈਕੜੇ ਕਿਸਾਨ,ਮਜਦੂਰ ਸ਼ਹੀਦ ਹੋ ਚੁੱਕੇ ਹਨ, ਇਨ੍ਹਾਂ ਮੋਤਾਂ ਦੀ ਜ਼ੁਮੇਵਾਰ ਕੇਂਦਰ ਸਰਕਾਰ ਨਹੀਂ ਤਾਂ ਹੋਰ ਕੌਣ ਹੈ ? ਅੱਜ ਕੇਂਦਰ ਸਰਕਾਰ ਨੂੰ ਕਿਸਾਨਾ,ਮਜਦੂਰ ਦਾ ਦਰਦ ਕਿਉ ਨਹੀਂ ਦਿਖਾਈ ਦਿੰਦਾ ? ਸਰਕਾਰ ਨੂੰ ਕਿਸਾਨਾਂ ਦੀਆਂ ਸਮੱਸਿਆਵਾਂ ਪ੍ਰਤੀ ਪੂਰੀ ਤਰ੍ਹਾਂ ਨਾਲ ਗੰਭੀਰ ਹੋ ਹੱਲ ਕੱਢਣਾ ਚਾਹੀਦਾ ਹੈ। ਕੇਂਦਰ ਸਰਕਾਰ ਨੂੰ ਇਸ ਤਰ੍ਹਾਂ ਕਿਸਾਨ ਆਗੂਆ, ਕਿਸਾਨਾ, ਮਜਦੂਰਾ ਤੇ ਅੰਦੋਲਨ ਕਰ ਰਹੇ ਆਮ ਲੋਕ ਨੂੰ ਤੰਗ ਪ੍ਰੇਸ਼ਾਨ ਕਰਨਾ ਬੰਦ ਕਰਨਾ ਚਾਹੀਦਾ ਹੈ। ਸਰਕਾਰ ਨੂੰ ਇਹ ਵੀ ਦੇਖ਼ ਲੈਣਾ ਚਾਹੀਦਾ ਹੈ ਕਿ ਇਸ ਅੰਦੋਲਨ ਦੌਰਾਨ ਭਾਈਚਾਰਕ ਸਾਂਝ ਮਜ਼ਬੂਤ ਹੋਈਆ ਹਨ ਤੇ ਕਿਸਾਨ ਅੰਦੋਲਨ ਨੇ ਆਪਣੀਆਂ ਮੰਗਾਂ ਨੂੰ ਸਰਕਾਰ, ਮੀਡੀਆ, ਅਦਾਲਤਾਂ ਤੇ ਲੋਕਾਂ ਸਾਹਮਣੇ ਸਹੀ ਤਰੀਕੇ ਨਾਲ ਰੱਖਣ ਅਤੇ ਅੰਦੋਲਨ ਨੂੰ ਸ਼ਾਂਤਮਈ ਢੰਗ ਨਾਲ ਚਲਾ ਕੇ ਵੱਖ ਵੱਖ ਵਰਗਾਂ ਦਾ ਵਿਸ਼ਵਾਸ ਜਿੱਤਣ ਦਾ ਨਵਾਂ ਇਤਿਹਾਸ ਵੀ ਸਿਰਜਿਆ ਹੈ। ਦੇਸ਼ ਹਿਤ ਅਤੇ ਲੋਕ ਹਿਤ ਨੂੰ ਮੁੱਖ ਰੱਖਦਿਆਂ ਕੇਂਦਰ ਸਰਕਾਰ ਨੂੰ ਖੇਤੀ ਕਨੂੰਨਾਂ ਨੂੰ ਰੱਦ ਕਰ ਦੇਣਾ ਚਾਹੀਦਾ ਹੈ।

# ਕੇਂਦਰ ਅਤੇ ਸੂਬਿਆਂ ਵਿਚਾਲੇ ਨਾਜ਼ੁਕ ਸੰਤੁਲਨ ਗੜਬੜਾ ਰਿਹੈ

-ਵਿਪਿਨ ਪੱਬੀ-

ਇਹ ਤ੍ਰਾਸਦੀ ਹੈ ਕਿ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਨਰਿੰਦਰ ਮੋਦੀ ਸੰਵਿਧਾਨ ਦੀ ਭਾਵਨਾ ਅਨੁਸਾਰ ਸੂਬਿਆਂ ਦੇ ਅਧਿਕਾਰਾਂ ਲਈ ਸਭ ਤੋਂ ਬੜਬੋਲੇ ਹੋ ਕੇ ਵਕਾਲਤ ਕਰਦੇ ਸਨ। ਉਹ ਆਪਣੇ ਮਾਮਲਿਆਂ ਦੇ ਪ੍ਰਬੰਧ ਲਈ ਸੂਬਿਆਂ ਨੂੰ ਵੱਧ ਅਧਿਕਾਰ ਅਤੇ ਵਿਵੇਕ ਦੀ ਮੰਗ ਕਰਦੇ ਸਨ। ਮੋਦੀ ਸੂਬਿਆਂ ਲਈ ਵੱਧ ਤੋਂ ਵੱਧ ਸਰਕਾਰੀ ਖਜ਼ਾਨੇ ਦੀ ਖੁਦਮੁਖਤਾਰੀ ਲਈ ਸਖ਼ਤ ਮਿਹਨਤ ਕਰ ਰਹੇ ਸਨ। ਉਸ ਸਮੇਂ ਉਹ ਭਾਰਤ ਸਰਕਾਰ ਦੀਆਂ ਕੇਂਦਰੀ ਸਕੀਮਾਂ ਦੇ ਆਲੋਚਕ ਸਨ ਅਤੇ ਯੋਜਨਾ ਕਮਿਸ਼ਨ ਦੇ ਸਾਹਮਣੇ ਇਹ ਤਰਕ ਦੇ ਰਹੇ ਸਨ ਕਿ ਸੂਬਿਆਂ ਦੇ ਇੱਕ ਆਕਾਰ ਵਿੱਚ ਫਿੱਟ ਕਰਨਾ ਅਣਉਚਿਤ ਸੀ। 2014 ਵਿੱਚ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਣ ਪਿੱਛੋਂ ਵੀ ਉਨ੍ਹਾਂ ਇਹ ਭਰੋਸਾ ਕਾਇਮ ਰੱਖਿਆ। ਮੋਦੀ ਨੇ ਕੇਂਦਰੀ ਯੋਜਨਾ ਕਮਿਸ਼ਨ ਨੂੰ ਨੀਤੀ ਆਯੋਗ ਵਿੱਚ ਬਦਲ ਦਿੱਤਾ ਕਿਉਂਕਿ ਸੂਬੇ ਕੇਂਦਰ ਦੇ ਸਿਰਫ ਯੰਤਰ ਨਹੀਂ ਬਣਨਾ ਚਾਹੁੰਦੇ ਸਨ। ਉਨ੍ਹਾਂ ਦੀ ਸਰਕਾਰ ਨੇ ਆਪਣੀਆਂ ਨੀਤੀਗਤ ਕਾਰਵਾਈਆਂ ਰਾਹੀਂ ਭਾਈਚਾਰਕ ਕੇਂਦਰਵਾਦ ਨੂੰ ਉਦਸ਼ਾਹਿਤ ਕਰਨ ਦੀ ਥਾਂ ਕੇਂਦਰ-ਸੂਬਾ ਸਬੰਧਾਂ ਨੂੰ ਕੇਂਦਰ ਵੱਲ ਮਜ਼ਬੂਤੀ ਨਾਲ ਝੁਕਾਉਣ ਲਈ ਸਾਵਧਾਨੀ ਪੂਰਕ ਪੈਂਤੜੇਬਾਜ਼ੀ ਕੀਤੀ। ਇਹ ਸਭ ਦੇਸ਼ ਦੇ ਫੈਡਰਲ ਢਾਂਚੇ ਦੀ ਕਿਸਮ ਅਤੇ ਵਿਸ਼ੇਸ਼ਤਾ ਨੂੰ ਮੁੜ ਤੋਂ ਲਿਆਉਣ ਲਈ ਸਰਕਾਰੀ ਖਜ਼ਾਨੇ, ਪ੍ਰਸ਼ਾਸਨਿਕ ਅਤੇ ਸੰਸਥਾਗਤ ਉਪਾਵਾਂ ਦੇ ਮਿਸ਼ਰਣ ਰਾਹੀਂ ਕੀਤਾ ਜਾ ਰਿਹਾ ਹੈ। ਭਾਰਤ ਦਾ ਸੰਵਿਧਾਨ ਕੇਂਦਰ ਅਤੇ ਸੂਬਾ ਸਰਕਾਰਾਂ ਵਿਚਾਲੇ ਸੈਂਟਰ ਅਤੇ ਸਟੇਟ ਲਿਸਟ ਵਿੱਚ ਖੇਤਰਾਂ ਨੂੰ ਸਪੱਸ਼ਟ ਰੂਪ ਵਿੱਚ ਵੰਡ ਕਰਦੇ ਹੋਏ ਇੱਕ ਵਧੀਆ ਸੰਤੁਲਨ ਪੇਸ਼ ਕਰਦਾ ਹੈ। ਕਨ-ਕਰੰਟ ਲਿਸਟ ਮੱਧ-ਮਾਰਗ ਸੀ, ਜਿੱਥੇ ਕੇਂਦਰ ਅਤੇ ਸੂਬਾ ਸ਼ਕਤੀਆਂ ਵੰਡਦੇ ਹਨ। ਇਹ ਲਿਸਟ ਕੇਂਦਰ ਸਰਕਾਰ ਹੜੱਪਣਾ ਚਾਹੁੰਦੀ ਹੈ ਅਤੇ ਸਟੇਟ ਲਿਸਟ ਨੂੰ ਆਪਣੀ ਜਗੀਰ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਵਿਵਾਦਿਤ ਖੇਤੀਬਾੜੀ ਕਾਨੂੰਨ ਤਾਜ਼ਾ ਮਿਸਾਲ ਹੈ ਜਿੱਥੇ ਕੇਂਦਰ ਨੇ ਆਪਣੀ ਇੱਛਾ ਇੱਕ ਅਜਿਹੇ ਵਿਸ਼ੇ ਉੱਤੇ ਲਾਉਣ ਦੀ ਕੋਸ਼ਿਸ਼ ਕੀਤੀ ਹੈ ਜਿਸ ਦਾ ਸੂਬਿਆਂ ਨਾਲ ਵੱਧ ਸਬੰਧ ਸੀ। ਆਰਡੀਨੈਂਸ ਲਿਆਉਣ ਅਤੇ ਬਾਅਦ ਵਿੱਚ ਕਾਨੂੰਨ ਪਾਸ ਕਰਨ ਤੋਂ ਪਹਿਲਾਂ ਕੇਂਦਰ ਨੇ ਸੂਬਿਆਂ ਨਾਲ ਇਸ ਮੁੱਦੇ ਉੱਤੇ ਸਲਾਹ ਨਹੀਂ ਕੀਤੀ। ਉਸ ਨੇ ਸਹਿਮਤੀ ਬਣਾਉਣ ਦੀ ਕੋਈ ਕੋਸ਼ਿਸ਼ ਹੀ ਨਹੀਂ ਕੀਤੀ। ਕੇਂਦਰ ਸਰਕਾਰ ਨੇ ਜੀ ਐਸ ਟੀ ਕਾਨੂੰਨ ਦੇ ਨਾਲ ਸੂਬਿਆਂ ਕੋਲੋਂ ਮਹੱਤਵ ਪੂਰਨ ਵਿੱਤੀ ਸ਼ਕਤੀਆਂ ਅਤੇ ਸੋਮੇ ਖੋਹ ਲਏ ਹਨ। ਕੇਂਦਰ ਸੂਬਿਆਂ ਨੂੰ ਧਨ ਦੀ ਬਕਾਇਆ ਰਕਮ ਨੂੰ ਟਰਾਂਸਫਰ ਕਰਨ ਤੋਂ ਵੀ ਅਸਫਲ ਰਿਹਾ ਹੈ ਅਤੇ ਸੂਬਿਆਂ ਨੂੰ ਆਪਣੇ ਪੈਸੇ ਕਰਜ਼ੇ ਵਜੋਂ ਲੈਣ ਲਈ ਕਹਿ ਰਿਹਾ ਹੈ। ਵਿੱਤ ਕਮਿਸ਼ਨ ਦੀਆਂ ਸਿਫਾਰਿਸ਼ਾਂ ਦੇ ਬਾਵਜੂਦ ਟੈਕਸਾਂ ਦੇ ਵੰਡ ਪੂਲ ਵਿੱਚ ਸੂਬਿਆਂ ਦੀ ਹਿੱਸੇਦਾਰੀ ਘੱਟ ਹੋਈ ਹੈ। ਇਸੇ ਤਰ੍ਹਾਂ ਬਤੌਰ ਮੁੱਖ ਮੰਤਰੀ ਨਰਿੰਦਰ ਮੋਦੀ 'ਵਨ ਸਾਈਜ਼ ਫਿੱਟਸ ਆਲ' ਕੇਂਦਰੀ ਸਕੀਮਾਂ ਦੀ ਪ੍ਰਕਿਰਿਆ ਦੇ ਵਿਰੁੱਧ ਵਿਚਾਰ ਪ੍ਰਗਟ ਕਰਦੇ ਰਹੇ। ਕੇਂਦਰ ਵਿੱਚ ਉਨ੍ਹਾਂ ਦੀ ਸਰਕਾਰ ਨੇ ਹੋਰ ਜ਼ਿਆਦਾ 'ਉੱਜਵਲਾ', 'ਪੀ ਐਮ ਕਿਸਾਨ', 'ਸਵੱਛ ਭਾਰਤ', 'ਆਯੁਸ਼ਮਾਨ ਭਾਰਤ' ਵਰਗੀਆਂ ਯੋਜਨਾਵਾਂ ਨੂੰ ਅੱਗੇ ਵਧਾਇਆ ਹੈ। ਕਈ ਮਾਇਨਿਆਂ ਵਿੱਚ ਉਨ੍ਹਾਂ ਦੀ ਸਰਕਾਰ ਨੇ ਪ੍ਰਧਾਨ ਮੰਤਰੀ ਦੇ ਨਿੱਜੀ ਅਕਸ ਚਮਕਾਉਣ ਲਈ ਪਿਛਲੇ ਸਾਰੇ ਰਿਕਾਰਡਾਂ ਨੂੰ ਤੋੜ ਦਿੱਤਾ ਹੈ।



ਅਸਲ ਵਿੱਚ ਸਰਕਾਰ ਦੇ ਦੂਸਰੇ ਕਾਰਜਕਾਲ ਵਿੱਚ ਕੇਂਦਰੀਕਰਨ ਲਈ ਹੋਰ ਵੀ ਵੱਧ ਹਮਲਾਵਰ ਯਤਨ ਹੋਏ ਹਨ। ਸਰਕਾਰ ਵੱਲੋਂ 'ਇੱਕ ਦੇਸ਼ ਹੀ ਸਭ ਕੁਝ' ਐਲਾਨਣ ਦੇ ਇਰਾਦੇ ਨੇ ਭਾਈਚਾਰਕ ਕੇਂਦਰਵਾਦ ਦੀ ਧਾਰਨਾ ਅੱਗੇ ਵਧਾਈ ਹੈ। ਭਾਰਤ ਵਰਗੇ ਵੱਡੇ ਰਾਸ਼ਟਰ ਲਈ ਜਿੱਥੇ ਕਈ ਵੰਨ-ਸੁਵੰਨਤਾਵਾਂ ਹਨ, ਦੇਸ਼ ਭਰ ਵਿੱਚ ਸਾਰੇ ਨਿਯਮਾਂ ਨੂੰ ਲਾਗੂ ਕਰਨਾ ਜਾਂ ਥੋਪਣਾ ਅਣਉਚਿਤ ਅਤੇ ਅਨਿਆਂ ਪੂਰਨ ਹੈ। ਹਰ ਖੇਤਰ ਦੀਆਂ ਲੋੜਾਂ ਅਤੇ ਮੰਗਾਂ ਵੱਖ-ਵੱਖ ਹੁੰਦੀਆਂ ਹਨ।

ਮਿਸਾਲ ਲਈ ਕੇਂਦਰ ਦੀ ਘੱਟੋ-ਘੱਟ ਨੌਕਰੀ ਦੀ ਗਾਰੰਟੀ ਯੋਜਨਾ ਤਹਿਤ ਨੌਕਰੀਆਂ ਦੀ ਮੰਗ ਮਹਾਰਾਸ਼ਟਰ ਅਤੇ ਪੰਜਾਬ ਵਰਗੇ ਰਾਜਾਂ ਦੀ ਤੁਲਨਾ ਵਿੱਚ ਬਿਹਾਰ ਅਤੇ ਉਤਰ ਪ੍ਰਦੇਸ਼ ਵਰਗੇ ਰਾਜਾਂ ਵਿੱਚ ਅਲੱਗ ਹੋਵੇਗੀ। ਜਿੱਥੋਂ ਤੱਕ ਇਨ੍ਹਾਂ ਵਿਵਾਦਿਤ ਖੇਤੀਬਾੜੀ ਕਾਨੂੰਨਾਂ ਨੂੰ ਕੁਝ ਸੂਬਿਆਂ ਦੇ ਕਿਸਾਨਾਂ ਵੱਲੋਂ ਲਾਭਕਾਰੀ ਮੰਨਿਆ ਜਾ ਰਿਹਾ ਹੈ, ਇਹ ਕਿਸੇ ਵੀ ਤਰ੍ਹਾਂ ਉਲਟ ਪ੍ਰਭਾਵ ਨਹੀਂ ਪਾ ਸਕਦੇ, ਪਰ ਬਹੁਤ ਅਨਾਜ ਪੈਦਾ ਕਰਨ ਵਾਲੇ ਸੂਬਿਆਂ ਦੇ ਕਿਸਾਨਾਂ ਦਾ ਇਹ ਮੰਨਣਾ ਹੈ ਕਿ ਇਹ ਕਾਨੂੰਨ ਉਨ੍ਹਾਂ ਨੂੰ ਤਬਾਹ ਕਰ ਦੇਣਗੇ। ਖੇਤੀਬਾੜੀ ਕਾਨੂੰਨਾਂ ਨਾਲ ਜੇ ਲੱਖਾਂ ਕਿਸਾਨ ਬਹੁਤ ਜ਼ਿਆਦਾ ਗੁੱਸੇ ਵਿੱਚ ਨਜ਼ਰ ਆ ਰਹੇ ਹਨ ਤਾਂ ਉਨ੍ਹਾਂ ਨੂੰ ਕੁਝ ਸਮੇਂ ਲਈ ਛੋਟ ਦੇਣੀ ਚਾਹੀਦੀ ਹੈ ਜਾਂ ਇਸ ਮੁੱਦੇ ਨੂੰ ਹੱਲ ਕਰਨ ਲਈ ਸਬੰਧਤ ਰਾਜਾਂ ਉੱਤੇ ਛੱਡ ਦੇਣ ਚਾਹੀਦਾ ਹੈ। ਸਰਕਾਰ ਨੂੰ ਕਿਸੇ ਅਜਿਹੇ ਮੁੱਦੇ ਉੱਤੇ ਫੈਸਲਾ ਲੈਣ ਦੇ ਬਦਲ ਉੱਤੇ ਵਿਚਾਰ ਕਰਨਾ ਚਾਹੀਦਾ ਹੈ ਜੋ ਜ਼ਰੂਰੀ ਤੌਰ ਉੱਤੇ ਸਟੇਟ ਲਿਸਟ ਵਿੱਚ ਹੈ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਮੇਤ ਕੁਝ ਮੁੱਖ ਮੰਤਰੀ ਰਾਜਾਂ ਨੂੰ ਕਮਜ਼ੋਰ ਕਰਨ ਲਈ ਵਧ ਰਹੇ ਯਤਨ ਵੱਲ ਇਸ਼ਾਰਾ ਕਰ ਰਹੇ ਹਨ। ਮਹੱਤਵ ਪੂਰਨ ਫੈਸਲੇ ਲੈਣ ਲਈ ਉਨ੍ਹਾਂ ਨੂੰ ਨਾਲ ਨਹੀਂ ਲਿਆ ਗਿਆ। ਸਾਫ ਤੌਰ ਉੱਤੇ ਕੇਂਦਰ ਅਤੇ ਰਾਜਾਂ ਵਿਚਾਲੇ ਨਾਜ਼ੁਕ ਸੰਤੁਲਨ ਗੜਬੜਾ ਰਿਹਾ ਹੈ। ਇਹ ਸੰਤੁਲਨ ਬਹਾਲ ਕਰਨ ਦਾ ਸਮਾਂ ਹੈ।

# ਭਾਰਤ ਸੁਤੰਤਰ ਨਹੀਂ ਹੈ, ਪਰ ਮੁਕਤ ਵੀ ਮਾਮੂਲੀ ਹੈ

-ਆਕਾਰ ਪਟੇਲ-

2020 ਵਿੱਚ ਮੋਦੀ ਸਰਕਾਰ ਨੇ ਸ਼ਾਸਨ ਵਿੱਚ ਗਿਰਾਵਟ ਦਿਖਾਉਣ ਵਾਲੇ ਵੱਖ-ਵੱਖ ਸੂਚਕ ਅੰਕਾਂ ਉੱਤੇ ਭਾਰਤ ਦੇ ਰੁਖ ਨੂੰ ਸੁਧਾਰਨ ਦਾ ਫੈਸਲਾ ਕੀਤਾ। ਇਹ ਜੋ ਸੂਚਕ ਅੰਕ ਦਿੱਲੀ ਨੂੰ ਪ੍ਰੇਸ਼ਾਨ ਕਰਦੇ ਸਨ, ਵਿਸ਼ੇਸ਼ ਖੇਤਰ ਵਿੱਚ ਕੰਮ ਕਰਨ ਵਾਲੇ ਗੈਰ-ਲਾਭਕਾਰੀ ਸੰਗਠਨਾਂ ਵੱਲੋਂ ਉਤਪਾਦਤ ਕੀਤੇ ਗਏ, ਜੋ ਯੂ ਐੱਨ ਵਰਲਡ ਇਕਨਾਮਿਕ ਫੋਰਮ, ਇਕਨਾਮਿਕ ਫੋਰਮ, ਦਿ ਇਕਨੋਮਿਸਟ ਵਰਗੀਆਂ ਬਹੁਪੱਖੀ ਅਥਾਰਟੀਆਂ ਅਤੇ ਸਰਕਾਰ ਦੇ ਖੁਦ ਦੇ ਡਾਟਾ ਦੁਆਰਾ ਪ੍ਰਾਪਤ ਹੋਏ ਸਨ। ਸਰਕਾਰ ਇਸ ਦੀ ਗਿਰਾਵਟ ਬਾਰੇ ਚਿੰਤਾ ਵਿੱਚ ਸੀ। ਸਾਨੂੰ ਇਹ ਪਤਾ ਹੈ ਕਿਉਂਕਿ ਇਸ ਵਿੱਚ 10 ਜੁਲਾਈ ਨੂੰ ਇੱਕ ਪ੍ਰੈਸ ਬਿਆਨ ਇੱਕ ਸਿਰਲੇਖ 'ਨੀਤੀ ਆਯੋਗ 29 ਚੋਣਵੇਂ ਗਲੋਬਲ ਸੂਚਕ ਅੰਕ ਦੇ ਪ੍ਰਦਰਸ਼ਨ ਦੀ ਨਿਗਰਾਨੀ ਲਈ ਆਭਾਸੀ ਕਾਰਜਸ਼ਾਲਾ ਆਯੋਜਿਤ ਕਰਦਾ ਹੈ' ਦੇ ਤਹਿਤ ਜਾਰੀ ਕੀਤਾ। ਇਸ ਕਾਰਜਸ਼ਾਲਾ ਵਿੱਚ ਫੈਸਲਾ ਲਿਆ ਗਿਆ ਕਿ ਸਰਕਾਰ ਸਾਰੇ 29 ਗਲੋਬਲ ਸੂਚਕ ਅੰਕਾਂ ਲਈ ਇੱਕਹਿਰੀ ਸੂਚਨਾਤਮਕ 'ਡੈਸ਼ਬੋਰਡ' ਤਿਆਰ ਕਰੇਗੀ, ਜੋ ਪ੍ਰਕਾਸ਼ਨ ਏਜੰਸੀਆਂ ਵੱਲੋਂ ਵਰਤੋਂ ਵਿੱਚ ਲਿਆਂਦੇ ਜਾ ਰਹੇ ਡਾਟਾ ਸਰੋਤ ਦੇ ਨਾਲ ਅਧਿਕਾਰਿਕ ਡਾਟਾ ਦੇ ਅਨੁਸਾਰ ਪੈਰਾਮੀਟਰਾਂ ਦੀ ਨਿਗਰਾਨੀ ਕਰਨ ਦੀ ਇਜਾਜ਼ਤ ਦੇਵੇਗਾ। ਨਿਗਰਾਨੀ ਪ੍ਰਕਿਰਿਆ ਨਾ ਸਿਰਫ ਰੈਂਕਿੰਗ ਵਿੱਚ ਸੁਧਾਰ ਲਈ, ਸਗੋਂ ਸਿਸਟਮ ਨੂੰ ਬਿਹਤਰ ਅਤੇ ਨਿਵੇਸ਼ ਨੂੰ ਆਕਰਸ਼ਤ ਕਰਨ ਲਈ ਵਿਸ਼ਵ ਪੱਧਰ ਉੱਤੇ ਭਾਰਤ ਦੀ ਧਾਰਨਾ ਨੂੰ ਆਕਾਰ ਦੇਣ ਲਈ ਕਾਰਜ ਕਰੇਗੀ।

ਸਰਕਾਰ ਮੰਨਦੀ ਹੈ ਕਿ ਇਹ ਮੁੱਦਾ ਅਸਲੀਅਤ ਦੀ ਬਜਾਏ ਅਕਸ ਨਾਲ ਸਬੰਧਤ ਸੀ। ਅਗਲੇ ਮਹੀਨੇ ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਕਿ ਸਰਕਾਰ 29 ਵਿਸ਼ਵ ਪੱਧਰੀ ਸੂਚਕ ਅੰਕਾਂ ਉੱਤੇ ਭਾਰਤ ਦੀ ਰੈਕਿੰਗ ਵਿੱਚ ਸੁਧਾਰ ਕਰਨ ਲਈ ਕੰਮ ਕਰ ਰਹੀ ਸੀ ਅਤੇ ਇਹ ਸੰਦੇਸ਼ ਸਾਰਿਆਂ ਨੂੰ ਜ਼ੋਰ ਨਾਲ ਤੇ ਸਪੱਸ਼ਟ ਤੌਰ ਉੱਤੇ ਪੁਚਾਉਣਾ ਚਾਹੁੰਦੀ ਸੀ। ਜਿਸ ਤਰ੍ਹਾਂ ਇਹ ਕੀਤਾ ਗਿਆ, ਉਹ ਵਿਸ਼ਾਲ ਪ੍ਰਚਾਰ ਮੁਹਿੰਮ ਸੀ ਜਿਸ ਨੇ ਇਸ਼ਤਿਹਾਰ ਅਤੇ ਮੰਤਰਾਲਿਆਂ ਦੇ ਸੂਖਮ ਸਥਾਨਾਂ ਦੇ ਮਾਧਿਅਮ ਨਾਲ ਭਾਰਤ ਦੀ ਧਾਰਨਾ ਨੂੰ ਆਕਾਰ ਦਿੱਤਾ। ਇਹ ਵਿਸ਼ਵ ਪੱਧਰੀ ਸੂਚਕ ਅੰਕਾਂ ਦੀਆਂ ਸਮੱਸਿਆਵਾਂ, ਮਾਪਦੰਡਾਂ ਅਤੇ ਡਾਟਾ ਸਰੋਤ ਦਾ ਪ੍ਰਚਾਰ ਵੀ ਕਰੇਗਾ। ਕੀ ਇਸ ਨਾਲ ਸਮੱਸਿਆ ਦਾ ਹੱਲ ਹੋਵੇਗਾ? ਨਹੀਂ ਹੋਵੇਗਾ। ਮੁੱਦਾ ਧਾਰਨਾ ਜਾਂ ਪੂਰਵ-ਗ੍ਰਹਿ ਦਾ ਨਹੀਂ, ਸਗੋਂ ਤੱਥ ਦਾ ਸੀ। ਦੁਨੀਆ ਸਾਨੂੰ ਖਰਾਬ ਰੋਸ਼ਨੀ ਵਿੱਚ ਦਿਖਾਉਣ ਦੀ ਸਾਜ਼ਿਸ਼ ਨਹੀਂ ਕਰ ਰਹੀ ਸੀ। ਹੱਲ ਇਹ ਪ੍ਰਵਾਨ ਕਰਨ ਵਿੱਚ ਸੀ ਕਿ ਭਾਰਤ 2014 ਤੋਂ ਕਈ ਖੇਤਰਾਂ ਵਿੱਚ ਗਿਰਾਵਟ ਉੱਤੇ ਹੈ ਜਿਨ੍ਹਾਂ ਨੂੰ ਸੁਧਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਮੀਡੀਆ ਮੁਹਿੰਮ ਉੱਤੇ ਪੈਸਾ ਖਰਚ ਕਰਨ ਨਾਲ ਗਿਣਤੀ ਵਿੱਚ ਬਦਲਾਅ ਨਹੀਂ ਹੋਵੇਗਾ। ਭਾਰਤ ਇਨ੍ਹਾਂ ਸਾਰੀਆਂ ਏਜੰਸੀਆਂ ਅਤੇ ਸੰਸਥਾਵਾਂ ਦੇ ਡਾਟਾ ਨੂੰ ਬਦਨਾਮ ਕਰ ਰਿਹਾ ਸੀ। ਤੱਥਾਂ ਨੂੰ ਦੇਖਣ ਅਤੇ ਸਮਝਣ ਵਾਲਿਆਂ ਦੇ ਵਿਚਾਰਾਂ ਨੂੰ ਉਲਟਣ ਦੀ ਸੰਭਾਵਨਾ ਨਹੀਂ ਸੀ।

ਮੋਦੀ ਦੇ ਅਧੀਨ ਭਾਰਤ ਦੀ ਰੈਂਕਿੰਗ ਤਿੰਨ ਸੰਕੇਤਕਾਂ (ਵਰਲਡ ਬੈਂਕ ਦੀ ਡੂਇੰਗ ਬਿਜ਼ਨੈਸ ਇੰਡੈਕਸ ਸਮੇਤ) ਉੱਤੇ ਵਧੀ, ਦੋ ਉੱਤੇ ਬਰਾਬਰ ਰਹੀ, ਪਰ 41 ਉੱਤੇ ਡਿੱਗ ਗਈ। ਇਹ ਗਿਰਾਵਟ ਇੰਨੀ ਵਿਆਪਕ ਅਤੇ ਸਪੱਸ਼ਟ ਸੀ ਕਿ ਸੰਗਠਨਾਂ ਨੇ ਵੱਖ-ਵੱਖ ਪ੍ਰਣਾਲੀਆਂ ਰਾਹੀਂ ਸਮਾਨ ਨਤੀਜੇ ਹਾਸਲ ਕੀਤੇ। 2014 ਦੇ ਬਾਅਦ ਤੋਂ ਭਾਰਤ ਨੇ ਛੇ ਸੂਚਕ ਅੰਕਾਂ ਵਿੱਚ ਬਹੁਤ ਘਟੀਆ ਪ੍ਰਦਰਸ਼ਨ ਕੀਤਾ, ਜਿਨ੍ਹਾਂ ਨੇ ਨਾਗਰਿਕਾ ਸੁਤੰਤਰਤਾ ਅਤੇ ਬਹੁਲਵਾਦ ਨੂੰ ਟ੍ਰੈਕ ਕੀਤਾ, 5 ਨੇ ਸਿਹਤ ਅਤੇ ਸਾਖਰਤਾ ਨੂੰ ਟ੍ਰੈਕ ਕੀਤਾ, ਦੋ ਨੇ ਧਾਰਮਿਕ ਆਜ਼ਾਦੀ ਤੇ ਘੱਟਗਿਣਤੀਆਂ ਨੂੰ ਟ੍ਰੈਕ ਕੀਤਾ, ਦੋ ਨੇ ਇੰਟਰਨੈਟ ਇਨਕਾਰ, ਛੇ ਨੇ ਵੱਖ-ਵੱਖ ਕਿਸਮਾਂ ਦੀ ਰਾਸ਼ਟਰੀ ਸ਼ਕਤੀ, ਚਾਰ ਨੇ ਕਾਨੂੰਨ ਅਤੇ ਭ੍ਰਿਸ਼ਟਾਚਾਰ ਦੇ ਨਿਯਮ ਨੂੰ ਟ੍ਰੈਕ ਕੀਤਾ, ਚਾਰ ਨੇ ਸਥਿਰਤਾ ਅਤੇ ਵਾਤਾਵਰਣ, ਚਾਰ ਨੇ ਲਿੰਗ ਮੁੱਦਿਆਂ ਅਤੇ ਉਨ੍ਹਾਂ ਦੀ ਸੁਰੱਖਿਆ, ਚਾਰ ਨੇ ਭਾਰਤੀਆਂ ਦੀ ਆਰਥਿਕ ਸੁਤੰਤਰਤਾ ਅਤੇ ਚਾਰ ਨੇ ਹੀ ਸ਼ਹਿਰੀ ਸਥਾਨਾਂ ਨੂੰ ਟ੍ਰੈਕ ਕੀਤਾ।

ਰਿਕਾਰਡ ਬਹਿਸ ਅਤੇ ਵਿਵਾਦ ਦੇ ਲਈ ਬਹੁਤ ਘੱਟ ਥਾਂ ਛੱਡਦੇ ਹਨ। ਸ਼ਾਸਨ ਵਿੱਚ ਗਿਰਾਵਟ ਦਾ ਪੈਮਾਨਾ ਅਤੇ ਦ੍ਰਿੜ੍ਹਤਾ ਪ੍ਰਗਟ ਕਰਦਾ ਹੈ। ਇਹ ਅਜੀਬ ਲੱਗੇਗਾ ਕਿ ਮੋਦੀ ਸਰਕਾਰ ਨੂੰ ਸੋਚਣਾ ਚਾਹੀਦਾ ਹੈ ਕਿ ਪ੍ਰਦਰਸ਼ਨ ਨੂੰ ਵਿਸ਼ਾਲ ਪ੍ਰਚਾਰ ਮੁਹਿੰਮ ਦੀ ਲੋੜ ਹੈ, ਜੋ ਇਸ਼ਤਿਹਾਰ ਅਤੇ ਵੱਧ ਵੈਬਸਾਈਟਾਂ ਰਾਹੀ ਭਾਰਤ ਦੀ ਧਾਰਨਾ ਨੂੰ ਆਕਾਰ ਦੇਵੇਗਾ।

ਨਵੀਂ ਰਿਪੋਰਟ ਇਸ ਹਫ਼ਤੇ 'ਫਰੀਡਮ ਹਾਊਸ' ਤੋਂ ਆਈ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਭਾਰਤ ਸੁੰਤੰਤਰ ਨਹੀਂ, ਪਰ ਮਾਮੂਲੀ ਤੌਰ ਉੱਤੇ ਆਜ਼ਾਦ ਹੈ। ਇਹ ਇੱਕ ਰਾਏ ਨਹੀਂ, ਇਹ ਸੰਕੇਤਕਾਂ ਦੇ ਇੱਕ ਸੈਟ ਉੱਤੇ ਆਧਾਰਿਤ ਹੈ। ਭਾਰਤ ਦਾ ਕਹਿਣਾ ਹੈ ਕਿ ਉਹ ਲੋਕਤੰਤਰੀ ਦੇਸ਼ ਹੈ। 'ਫਰੀਡਮ ਹਾਊਸ' ਸਹਿਮਤ ਹੈ ਅਤੇ ਇਹ ਭਾਰਤ ਨੂੰ ਸਿਆਸੀ ਅਧਿਕਾਰਾਂ ਉੱਤੇ 40 ਵਿੱਚੋਂ 34 ਨੰਬਰ ਦਿੰਦਾ ਹੈ। ਸੁਤੰਤਰ ਅਤੇ ਨਿਰਪੱਖ ਚੋਣਾਂ ਲਈ ਪੂਰੇ ਨੰਬਰ। ਚੋਣ ਕਮਿਸ਼ਨ ਨਿਰਪੱਖਤਾ, ਸਿਆਸੀ ਪਾਰਟੀਆਂ ਨੂੰ ਸ਼ੁਰੂ ਕਰਨ ਦੀ ਸੁਤੰਤਰ, ਵਿਰੋਧੀ ਘਿਰ ਨੂੰ ਆਪਣੀ ਸ਼ਕਤੀ ਵਧਾਉਣ ਦਾ ਮੌਕਾ ਦਿੱਤਾ, ਹਿੰਸਾ ਅਤੇ ਫਿਰਕੂ ਤਣਾਅ ਨਾਲ ਵੋਟਿੰਗ ਵਿੱਚ ਰੁਕਾਵਟ ਹੈ ਜਾਂ ਨਹੀਂ, ਇਸ ਉੱਤੇ ਪੂਰੇ ਅੰਕ ਨਹੀਂ ਦਿੱਤੇ।

ਇਹ ਗੱਲਾਂ ਅਸੀਂ ਪਹਿਲਾਂ ਜਾਣਦੇ ਹਾਂ। ਤੱਥ ਇਹ ਹੈ ਕਿ ਅਸੀਂ ਸਿਆਸੀ ਅਧਿਕਾਰਾਂ ਉੱਤੇ ਬਹੁਤ ਬਿਹਤਰ ਕਰਦੇ ਹਾਂ ਅਤੇ ਤੱਥ ਇਹ ਵੀ ਹੈ ਕਿ ਸਰਕਾਰ ਨੂੰ ਪਾਰਦਰਸ਼ਿਤਾ, ਜੋ ਸ਼ਾਇਦ ਹੀ ਸਹੀ ਹੈ, ਪਰ ਚਾਰ 'ਚੋਂ ਤਿੰਨ ਅੰਕ ਮਿਲਦੇ ਹਨ। ਸਮੱਸਿਆ ਇਹ ਹੈ ਕਿ ਸਿਆਸੀ ਅਧਿਕਾਰ 'ਫਰੀਡਮ ਹਾਊਸ' ਦੇ ਸਕੋਰ ਦਾ 40 ਫੀਸਦੀ ਹੈ। ਹੋਰ 60 ਫੀਸਦੀ ਨਾਗਰਿਕ ਸੁਤੰਤਰਤਾ ਹੈ। ਅਸੀਂ ਖ਼ਰਾਬ ਪ੍ਰਦਰਸ਼ਨ ਕਰਦੇ ਹਾਂ (60 ਵਿੱਚੋਂ 33 ਅੰਕ) ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ, ਧਾਰਮਿਕ, ਵਿੱਦਿਅਕ ਆਜ਼ਾਦੀ, ਇਕੱਠੇ ਹੋਣ ਦੀ ਆਜ਼ਾਦੀ, ਗੈਰ-ਸਰਕਾਰੀ ਸੰਗਠਨਾਂ ਨੂੰ ਕੰਮ ਕਰਨ ਦੀ ਆਜ਼ਾਦੀ (ਮੇਰੇ ਸਾਬਕਾ ਸੰਗਠਨ ਐਮਨੈਸਟੀ ਇੰਡੀਆ ਉੱਤੇ ਹਮਲੇ ਦਾ ਵਿਸ਼ੇਸ਼ ਤੌਰ ਉੱਤੇ), ਕਾਨੂੰਨ ਦਾ ਸ਼ਾਸਨ, ਨਿਆ ਪਾਲਿਕਾ ਦੀ ਆਜ਼ਾਦੀ, ਪੁਲਸ ਵੱਲੋਂ ਉਚਿਤ ਪ੍ਰਕਿਰਿਆ ਦੇ ਮੁੱਦੇ ਉੱਤੇ ਸਾਡੀ ਰੇਟਿੰਗ ਬਹੁਤ ਖ਼ਰਾਬ ਹੈ। ਕੀ ਅਸੀਂ ਇਸ ਨਾਲ ਸਹਿਮਤ ਹੋ ਸਕਦੇ ਹਾਂ? ਕਦੇ ਨਹੀਂ।

# ਜਮੇਰੋ ਦੇ ਨਿਆਣੇ

-ਸੁਪਿੰਦਰ ਸਿੰਘ ਰਾਣਾ

''ਪੁੱਤ ਕੋਈ ਨਿਆਣਾ ਵਿਆਹ ਲਿਆ ਕਿ ਨਹੀਂ?'' ਕਾਫੀ ਚਿਰ ਮਗਰੋਂ ਪਿੰਡ ਪਹੁੰਚਣ ਉੱਤੇ ਮਿਲੀ ਜਮੇਰੋ ਮਾਸੀ ਦੇ ਇਹ ਕਹਿੰਦਿਆਂ ਅੱਖਾਂ ਵਿੱਚ ਹੰਝੂ ਆ ਗਏ।

ਮੈਂ ਕਿਹਾ, ''ਮਾਸੀ ਜਦੋਂ ਨਿਆਣਿਆਂ ਦਾ ਵਿਆਹ ਹੋਵੇਗਾ ਤੈਨੂੰ ਪਤਾ ਨ੍ਹੀ ਲੱਗੇਗਾ?''

ਉਸ ਨੇ ਕਿਹਾ, ''ਪੁੱਤ, ਤੁਸੀਂ ਸ਼ਹਿਰ ਚਲੇ ਗਏ। ਖੁਸ਼ੀ ਗਮੀ ਮੌਕੇ ਸਾਡੇ ਵਰਗੇ ਬੰਦੇ ਤੁਹਾਨੂੰ ਸ਼ਾਇਦ ਭੁੱਲ ਜਾਣ। ਤੇਰੀ ਮਾਂ ਨਾਲ ਮੇਰਾ ਬਥੇਰਾ ਤਿਹੁ ਸੀ। ਕਿਆ ਕਹਿਣੇ ਭਾਈ ਓਹਦੇ। ਆਪਣਾ ਦੁੱਖ ਸੁੱਖ ਰੋ ਲੈਂਦੀ ਸੀ ਮੈਂ ਓਸ ਕੋਲ। ਮਰੀ ਹੋਈ ਵੀ ਯਾਦ ਆ ਜਾਂਦੀ ਏ। ਪੁੱਤ, ਤੈਨੂੰ ਸ਼ਾਇਦ ਪਤਾ ਨੀਂ ਲੱਗਾ। ਤੇਰਾ ਹਾਣੀ ਮੇਰਾ ਵੱਡਾ ਪੁੱਤਰ ਗੁਜ਼ਰ ਗਿਆ ਤੇ ਥੋੜ੍ਹੀ ਦੇਰ ਮਗਰੋਂ ਛੋਟਾ ਤੇ ਫਿਰ ਵੱਡੀ ਨੂੰਹ ਵੀ ਰੱਬ ਨੂੰ ਪਿਆਰੀ ਹੋ ਗਈ। ਮੈਂ ਪਤਾ ਨਹੀਂ ਕੀ ਮਾੜੇ ਕਰਮ ਕਰ ਕੇ ਆਈ ਸੀ ਜਿਹੜਾ ਇਹ ਕੁਝ ਦਿਖਾਉਣ ਤੋਂ ਪਹਿਲਾਂ ਪਰਮਾਤਮਾ ਨੇ ਮੈਨੂੰ ਨਹੀਂ ਚੁੱਕਿਆ।'' ਉਸ ਦੀਆਂ ਅੱਖਾਂ ਨਮ ਸਨ। ਮੈਂ ਉਸ ਨੂੰ ਦਿਲਾਸਾ ਦੇਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਸ ਦੀਆਂ ਅੱਖਾਂ ਤੋਂ ਅੱਥਰੂ ਬੰਦ ਨਹੀਂ ਹੋ ਰਹੇ ਸਨ। ਕਹਿਣ ਲੱਗੀ, ''ਪੁੱਤ, ਮੇਰਾ ਪੋਤਾ ਜਵਾਨ ਹੋ ਗਿਆ। ਤੇਰੇ ਨਾਲੋਂ ਉੱਚਾ ਏ। ਉਹਦੇ ਲਈ ਕਿਤੇ ਨੌਕਰੀ ਦੇਖ ਲਈਂ। ਬਾਰ੍ਹਵੀਂ ਕੀਤੀ ਏ ਓਸ ਨੇ।''

ਮੈਂ ਕਿਹਾ ਕਿ ''ਕੋਈ ਨਾ ਮਾਸੀ, ਮੈਂ ਕਿਸੇ ਦਿਨ ਤੁਹਾਡੇ ਘਰ ਆਵਾਂਗਾ। ਫੇਰ ਗੱਲ ਕਰਾਂਗੇ।'

ਉਹ ਜਾਂਦੀ ਹੋਈ ਕਹਿਣ ਲੱਗੀ, ''ਪੁੱਤ, ਜੇ ਇਹ ਪਿੰਡ ਤੇ ਪਿੰਡ ਦੇ ਵਾਸੀ ਏਨੇ ਭਲੇਮਾਣਸ ਨਾ ਹੁੰਦੇ ਤਾਂ ਸ਼ਾਇਦ ਮੇਰੇ ਵਰਗੀ ਆਪਣੇ ਨਿਆਣਿਆਂ ਨੂੰ ਨਾ ਪਾਲ ਸਕਦੀ।'' ਉਸ ਨੇ ਖੜ੍ਹੀ-ਖੜ੍ਹੀ ਨੇ ਪਿੰਡ ਵਾਸੀਆਂ ਦੀ ਕਈ ਵਾਰ ਸੁੱਖ ਮੰਗੀ ਤੇ ਮੇਰੇ ਸਣੇ ਸਾਰਿਆਂ ਨੂੰ ਖੂਬ ਅਸੀਸਾਂ ਦਿੱਤੀਆਂ। ਉਹ ਸ਼ਾਇਦ ਮਦਨ ਦੀ ਦੁਕਾਨ ਤੋਂ ਕੁਝ ਲੈਣ ਲਈ ਆਈ ਸੀ। ਉਸ ਦੇ ਮੂੰਹ ਵਿੱਚ ਦੰਦ ਨਹੀਂ ਰਹੇ। ਕਾਫੀ ਚਿਰ ਗੱਲਾਂ ਕਰਨ ਮਗਰੋਂ ਉਹ ਮੈਨੂੰ ਆਪਣੇ ਘਰ ਆਉਣ ਲਈ ਵਾਰ-ਵਾਰ ਕਹਿੰਦੀ ਉਥੋਂ ਤੁਰ ਪਈ। ਫੇਰ ਉੱਚੀ ਦੇਣੀ ਕਹਿਣ ਲੱਗੀ, 'ਪੁੱਤ, ਪੰਡਤਾਂ ਦੇ ਪੋਤਾ ਹੋਇਆ, ਪਿੰਡ ਵਿੱਚ ਅੱਜ ਉਸ ਦੇ ਲੱਡੂ ਵੰਡਣੇ ਨੇ।'' ਮਾਸੀ ਦਾ ਨਾਂਅ ਅਜਮੇਰ ਕੌਰ ਸੀ ਤੇ ਇਹੀ ਨਾਂ ਮੇਰੀ ਮਾਂ ਦੀ ਸੀ। ਇਸ ਕਰ ਕੇ ਆਨੀ ਬਹਾਨੀ ਮਾਂ ਦੇ ਨਾਲ ਮਾਸੀ ਯਾਦ ਆ ਜਾਂਦੀ ਸੀ। ਪਿੰਡ ਵਿੱਚ ਉਸ ਨੂੰ ਜਮੇਰੋ ਆਖਦੇ ਸਨ।

ਮੈਂ ਮਦਨ ਦੇ ਮੁੰਡੇ ਤੋਂ ਕੁਰਸੀ ਮੰਗਾ ਲਈ। ਉਸ ਉੱਤੇ ਬੈਠਾ ਪਿੰਡ ਦੀ ਗਲੀ ਵਿੱਚੋਂ ਆਉਣ ਜਾਣ ਵਾਲਿਆਂ ਨੂੰ ਦੇਖਣ ਲੱਗਿਆ। ਕੋਈ ਚਾਰ ਦਹਾਕੇ ਪਹਿਲਾਂ ਦਾ ਸਮਾਂ ਹੋਵੇਗਾ। ਸਾਡੀ ਮਾਂ ਕੋਲ ਹਰ ਦੂਜੇ ਤੀਜੇ ਦਿਨ ਮਾਸੀ ਆ ਜਾਂਦੀ। ਕਈ ਵਾਰ ਆਰਥਿਕ ਤੰਗੀ ਦਾ ਵਾਸਤਾ ਪਾ ਕੇ ਉਹਨੇ ਮਾਂ ਨਾਲ ਗੱਲਾਂ ਕਰਨੀਆਂ। ਮਾਂ ਨੇ ਉਸ ਨੂੰ ਹਮੇਸ਼ਾ ਮਦਦ ਕਰਨੀ। ਮਾਸੀ ਨੇ ਇਸ ਦੇ ਬਦਲੇ ਸਾਡੇ ਘਰ ਦੇ ਕਈ ਕੰਮ ਕਰ ਜਾਣੇ। ਮਾਂ ਨਾਲ ਪਾਥੀਆਂ ਪਥਾ ਜਾਣੀਆਂ। ਕਦੇ ਗੁਹਾਰਾ ਲਾਉਣ ਆ ਜਾਣਾ। ਜੇ ਮਾਂ ਕੱਪੜੇ ਧੋਂਦੀ ਹੁੰਦੀ ਤਾਂ ਮਾਸੀ ਨੇ ਕੱਪੜੇ ਨਿਚੋੜ ਕੇ ਤਾਰ ਉੱਤੇ ਪਾਉਣੇ ਸ਼ੁਰੂ ਕਰ ਦੇਣੇ। ਜਿਹੜੇ ਕੱਪੜੇ ਅਸੀਂ ਪਾਉਣੋਂ ਹਟ ਜਾਣੇ, ਮਾਂ ਨੇ ਉਹ ਮਾਸੀ ਨੂੰ ਫੜਾ ਦੇਣੇ। ਜਦੋਂ ਉਸ ਦੇ ਨਿਆਣਿਆਂ ਦੇ ਉਹ ਕੱਪੜੇ ਪਾਏ ਦੇਖਣੇ ਤਾਂ ਕਈ ਵਾਰ ਮਾਂ ਨੂੰ ਕਹਿਣਾ ਕਿ ਅਸੀਂ ਅਜੇ ਇਹ ਕੱਪੜੇ ਪਾਉਣੇ ਸਨ। ਤੂੰ ਉਂਝ ਹੀ ਉਨ੍ਹਾਂ ਨੂੰ ਦੇ ਦਿੱਤੇ। ਮਾਂ ਨੇ ਕਹਿਣਾ, ''ਪੁੱਤ, ਤੁਹਾਡੇ ਕੋਲ ਬਥੇਰੇ ਕੱਪੜੇ ਹੋਰ ਪਏ ਨੇ। ਜੇ ਉਹ ਦੋ ਚਾਰ ਦਿਨ ਪਾ ਲੈਣਗੇ ਤਾਂ ਤੁਹਾਨੂੰ ਅਸੀਸਾਂ ਹੀ ਦੇਣਗੇ।''

ਮਾਸੀ ਦਾ ਪਤੀ ਲੋਕਾਂ ਦੇ ਖੇਤਾਂ ਵਿੱਚ ਕੰਮ ਕਰਦਾ ਹੁੰਦਾ ਸੀ। ਜਦੋਂ ਬੱਚੇ ਛੋਟੇ ਸਨ ਤਾਂ ਉਸ ਦਾ ਦਿਹਾਂਤ ਹੋ ਗਿਆ। ਮਾਸੀ ਨੇ ਹਿੰਮਤ ਨਾ ਹਾਰੀ, ਲੋਕਾਂ ਦਾ ਗੋਹਾ ਕੂੜਾ ਚੁੱਕ ਕੇ ਆਪਣੇ ਨਿਆਣੇ ਪਾਲੇ। ਉਹ ਗੋਹਾ ਰੇੜ੍ਹੀ ਉੱਤੇ ਭਰ ਕੇ ਲਿਜਾਂਦੀ ਮੈਂ ਬਹੁਤ ਵਾਰ ਦੇਖੀ। ਲੋਕਾਂ ਦੀਆਂ ਪਾਥੀਆਂ ਪੱਥਦੀ। ਗਹੀਰੇ ਲਾਉਂਦੀ। ਭਾਂਡੇ ਮਾਂਜਦੀ। ਵਿਆਹ ਵੇਲੇ ਲੋਕਾਂ ਨੂੰ ਨਿਉਂਦੇ ਦਿੰਦੀ। ਤਿੱਥ ਤਿਉਹਾਰ ਵੇਲੇ ਪਿੰਡ ਵਾਸੀਆਂ ਨੂੰ ਸੁਨੇਹੇ ਦਿੰਦੀ ਕਿ ਫਲਾਣੇ ਦਿਨ ਮਾਤਾ ਦਾ ਤੇ ਗੁੱਗੇ ਦਾ ਮੱਥਾ ਟੇਕਣਾ ਹੈ। ਉਹ ਸਦਾ ਬੰਦਿਆਂ ਵਾਂਗ ਕੰਮ ਕਰਦੀ ਨਜ਼ਰ ਆਉਂਦੀ। ਪਿੰਡ ਦੇ ਕਿਸੇ ਘਰ ਕੋਈ ਮਰਗਤ ਜਾਂ ਵਿਆਹ ਹੋਵੇ, ਉਹ ਉਥੇ ਹਾਜ਼ਰ ਹੁੰਦੀ। ਗਲੀ ਮੁਹੱਲੇ ਵਿੱਚ ਉਹ ਹਰ ਕਿਸੇ ਨੂੰ ਖਿੜੇ ਮੱਥੇ ਬੁਲਾਉਂਦੀ। ਕਈ ਨਿਆਣੇ ਉਸ ਨੂੰ ਚਾਚੀ ਵੀ ਕਹਿੰਦੇ। ਸਿਆਣਾ ਬੰਦਾ ਦੇਖ ਕੇ ਚੁੰਨੀ ਸਿਰ ਉੱਤੇ ਲੈਣੀ ਨਾ ਭੁੱਲਦੀ। ਵੀਰ ਭਾਈ ਤੋਂ ਬਿਨਾਂ ਉਹ ਕਦੇ ਨਾ ਬੋਲਦੀ। ਸਵੇਰ ਤੋਂ ਸ਼ਾਮ ਤੱਕ ਉਹ ਲੋਕਾਂ ਦੇ ਘਰਾਂ ਵਿੱਚ ਫਿਰਦੀ ਨਜ਼ਰ ਆਉਂਦੀ। ਉਸ ਦੇ ਨਿਆਣੇ ਕਦੇ ਉਸ ਦਾ ਸਾਥ ਦਿੰਦੇ ਨਾ ਦਿਖਾਈ ਦਿੱਤੇ। ਕਈ ਸਾਲ ਪਹਿਲਾਂ ਜਦੋਂ ਪਲਸੌਰਾ ਚੰਡੀਗੜ੍ਹ ਨਗਰ ਨਿਗਮ ਵਿੱਚ ਆਇਆ ਤਾਂ ਪਾਲਤੂ ਪਸ਼ੂ ਪਿੰਡ ਤੋਂ ਬਾਹਰ ਕੱਢਣ ਦੇ ਆਦੇਸ਼ ਹੋ ਗਏ। ਮੈਂ ਸ਼ਹਿਰ ਵਿੱਚ ਬੈਠਾ ਸੋਚਦਾ ਹੁੰਦਾ ਸੀ ਕਿ ਮਾਸੀ ਦਾ ਕੰਮ ਘੱਟ ਜਾਵੇਗਾ। ਜਦੋਂ ਮੈਂ ਕਿਸੇ ਨੂੰ ਉਸ ਬਾਰੇ ਪੁੱਛਿਆ ਤਾਂ ਪਤਾ ਲੱਗਾ ਕਿ ਉਸ ਨੇ ਆਪਣੇ ਆਪ ਨੂੰ ਸਮੇਂ ਅਨੁਸਾਰ ਢਾਲ ਲਿਆ। ਪਹਿਲਾਂ ਜਿੱਥੇ ਉਹ ਲੋਕਾਂ ਦੇ ਕੱਚੇ ਘਰ ਤੇ ਚੁਬਾਰੇ ਲਿਪਦੀ ਹੁੰਦੀ ਸੀ, ਅੱਜਕੱਲ੍ਹ ਪੱਕੇ ਘਰਾਂ ਵਿੱਚ ਪੋਚੇ ਲਾਉਣੇ, ਕੱਪੜੇ ਧੋਣੇ ਸ਼ੁਰੂ ਕਰ ਦਿੱਤੇ। ਖੁਸ਼ੀ ਗਮੀ ਵਿੱਚ ਉਹ ਅਜੇ ਵੀ ਸਭ ਦੇ ਜਾਂਦੀ। ਹਰ ਕੰਮ ਰੀਝ ਨਾਲ ਕਰਦੀ। ਕਿਸੇ ਘਰੋਂ ਉਸ ਦੇ ਕੰਮ ਦੀ ਅੱਜ ਤੱਕ ਸ਼ਿਕਾਇਤ ਨਹੀਂ ਮਿਲੀ। ਉਸ ਦੇ ਦੋਵੇਂ ਮੁੰਡੇ ਘੱਟ ਹੀ ਪੜ੍ਹੇ। ਵੱਡਾ ਮੁੰਡਾ ਰਾਜ ਮਿਸਤਰੀ ਦਾ ਤੇ ਛੋਟਾ ਵੈਲਡਿੰਗ ਦਾ ਕੰਮ ਕਰਦਾ ਰਿਹਾ।

ਆਂਢ-ਗੁਆਂਢ ਤੋਂ ਬਿਨਾਂ ਉਸ ਦੀਆਂ ਬਹੂਆਂ ਨੂੰ ਕੋਈ ਨਹੀਂ ਸੀ ਪਛਾਣਦਾ। ਪਿਛੇ ਜਿਹੇ ਉਸ ਨੇ ਆਪਣੇ ਘਰ ਨੂੰ ਨਵੀਂ ਦਿੱਖ ਦਿੱਤੀ। ਲੋਕਾਂ ਦੇ ਘਰਾਂ ਵਿੱਚ ਕੰਮ ਕਰਨ ਦੇ ਬਾਵਜੂਦ ਉਹ ਆਪਣੇ ਘਰ ਫੇਰ ਮਜ਼ਦੂਰਾਂ ਨਾਲ ਕੰਮ ਕਰਦੀ। ਮਾਸੀ ਤਾਂ ਭਾਵੇਂ ਗਲੀ ਵਿੱਚ ਮੈਨੂੰ ਦਿਸਣੋਂ ਹਟ ਗਈ ਸੀ, ਪਰ ਮੈਂ ਸੋਚਣ ਲੱਗਿਆ ਕਿ ਮੁੰਡਿਆਂ ਅਤੇ ਨੂੰਹ ਦੇ ਗੁਜ਼ਰਨ ਮਗਰੋਂ ਉਸ ਦਾ ਕੀ ਬਣੇਗਾ। ਹੋਰ ਕਈ ਘਰਾਂ ਵਿੱਚ ਮਿਲਣ ਮਗਰੋਂ ਮੈਂ ਉਥੋਂ ਤੁਰ ਪਿਆ। ਭਾਵੇਂ ਮਾਸੀ ਦੇ ਮੂੰਹ ਵਿੱਚ ਦੰਦ ਨਹੀਂ ਰਹੇ, ਉਸ ਦੇ ਪੁੱਤ ਤੇ ਨੂੰਹ ਨਹੀਂ ਰਹੀ, ਪਰ ਉਹ ਚਾਰ ਦਹਾਕੇ ਪਹਿਲਾਂ ਵਾਂਗ ਕੰਮ ਕਰਦੀ ਨਜ਼ਰ ਆ ਰਹੀ ਹੈ। ਉਹ ਮੈਨੂੰ ਕੰਮ ਵਾਲੀ ਮਸ਼ੀਨ ਜਾਪਦੀ ਸੀ। ਪਿੰਡ ਦੀ ਨਵੀਂ ਤੇ ਪੁਰਾਣੀ ਪੀੜ੍ਹੀ ਦਾ ਕੋਈ ਹੀ ਐਸਾ ਮੈਂਬਰ ਹੋਵੇਗਾ ਜਿਹੜਾ ਉਸ ਦੇ ਕੰਮਾਂ ਦੀ ਕਦਰ ਨੂੰ ਨਾ ਜਾਣਦਾ ਹੋਵੇ। ਮਾਸੀ ਸਾਡੇ ਪਿੰਡ ਦੀ ਸ਼ਾਨ ਹੈ। ਜਦੋਂ ਕਦੇ ਨਾਨਕੇ ਤੇ ਦਾਦਕੇ ਜਾਂਦਾ ਹਾਂ ਤਾਂ ਕਈ ਔਰਤਾਂ ਕਹਿ ਦਿੰਦੀਆਂ ''ਆ ਗਏ ਭਾਈ ਜਮੇਰੋ ਦੇ ਨਿਆਣੇ।''

ਅਜਿਹੇ ਸਮੇਂ ਅਕਸਰ ਆਪਣੀ ਮਾਂ ਦੇ ਨਾਲ-ਨਾਲ ਮਾਸੀ ਦੀ ਵੀ ਯਾਦ ਆ ਜਾਂਦੀ ਹੈ।

# ਵਧੀਆ ਸਰੋਤਾ ਅਤੇ ਪਾਠਕ ਬਣਨਾ ਜ਼ਰੂਰੀ



ਹਰਕੀਰਤ ਕੌਰ

ਜੇਕਰ ਕੋਈ ਵਧੀਆ ਲੇਖਕ ਜਾਂ ਵਧੀਆ ਵਕਤਾ ਬਣਨਾ ਚਾਹੁੰਦਾ ਹੈ ਤਾਂ ਉਸ ਤੋਂ ਪਹਿਲਾਂ ਉਹ ਖੁਦ ਇੱਕ ਵਧੀਆ ਪਾਠਕ ਅਤੇ ਵਧੀਆ ਸਰੋਤਾ ਹੋਣਾ ਚਾਹੀਦਾ ਹੈ। ਸਰੋਤਿਆਂ ਤੋਂ ਬਿਨਾਂ ਵੱਡੇ ਤੋਂ ਵੱਡੇ ਵਕਤਾ, ਭਾਸ਼ਣ ਕੋਈ ਮਾਅਨੇ ਨਹੀਂ ਰੱਖਦਾ, ਬਿਲਕੁੱਲ ਉਵੇਂ ਹੀ ਭਾਵੇਂ ਕੋਈ ਲੇਖਕ ਕਿੰਨੀ ਮਿਹਨਤ ਨਾਲ ਕਿਉਂ ਨਾ ਲਿਖ ਰਿਹਾ ਹੋਵੇ ਜੇਕਰ ਉਸਦੀ ਲਿਖਤ ਨੂੰ ਕੋਈ ਪੜਨ ਵਾਲਾ ਨਹੀਂ ਤਾਂ ਉਸ ਦੀਆਂ ਲਿਖਤਾਂ ਕਿਸੇ ਕੰਮ ਨਹੀਂ ਆਉਂਦੀਆਂ। ਇਹ ਸਰੋਤੇ ਅਤੇ ਪਾਠਕ ਹੀ ਹੁੰਦੇ ਹਨ ਜੋ ਕਿਸੇ ਦੇ ਵਿਚਾਰਾਂ ਨੂੰ ਮਾਨਤਾ ਦਿਵਾਉਂਦੇ ਹਨ। ਨਹੀਂ ਤਾਂ ਮਨ ਹੀ ਮਨ ਵਿੱਚ ਤਾਂ ਵਿਚਾਰਾਂ ਦਾ ਪਿਟਾਰਾ ਤਾਂ ਸਾਰਿਆਂ ਕੋਲ ਹੁੰਦਾ ਹੈ, ਉਨ੍ਹਾਂ ਦੀ ਕੋਈ ਬੁੱਕਤ ਨਹੀਂ ਪੈਂਦੀ ਹੈ। ਪਾਠਕਾਂ ਅਤੇ ਸਰੋਤਿਆਂ ਦੁਆਰਾ ਕੀਤੀ ਵਾਹ ਵਾਹ ਅਤੇ ਉਸਾਰੂ ਅਲੋਚਨਾ ਕਿਸੇ ਵੀ ਲੇਖਕ ਅਤੇ ਵਕਤੇ ਦੀ ਸ਼ਖਸੀਅਤ ਨੂੰ ਹੋਰ ਵੀ ਨਿਖਾਰਦੀ ਹੈ। ਵਧੀਆ ਸਰੋਤੇ ਅਤੇ ਪਾਠਕ ਹੋਣਾ ਆਪਣੇ ਆਪ ਵਿੱਚ ਇੱਕ ਬਹੁਤ ਵੱਡਾ ਮਨੁੱਖੀ ਗੁਣ ਹੈ। ਮੈਨੂੰ ਲੱਗਦਾ ਹੈ ਇੱਕ ਚੰਗਾ ਸਰੋਤਾ ਉਹੀ ਹੈ, ਜਿਸ ਵਿੱਚ ਧੀਰਜ, ਸਬਰ ਅਤੇ ਕਿਸੇ ਨੂੰ ਸੁਣਨ ਲਈ ਦਿਲ ਵਿੱਚ ਚਾਹ ਹੋਵੇਗੀ।ਅੱਜ ਦੇ ਦਿਨਾਂ ਵਿੱਚ ਮੈ ਦੇਖਦੀ ਹਾਂ ਕਿ ਹਰ ਇੱਕ ਨੂੰ ਆਪਣੀ ਗੱਲ ਕਹਿਣ ਦੀ ਕਾਹਲ ਹੁੰਦੀ ਹੈ, ਕਿਸੇ ਦੂਸਰੇ ਨੂੰ ਸੁਣ ਸਕੀਏ ਏਨਾ ਸਬਰ ਸਾਡੇ ਵਿੱਚੋਂ ਖਤਮ ਹੁੰਦਾ ਜਾ ਰਿਹਾ ਹੈ।ਮੈ ਆਮ ਦੇਖਦੀ ਹਾਂ ਕਾਲਜਾਂ ਵਿੱਚ, ਕਾਨਫਰੰਸਾਂ ਵਿੱਚ ਵਕਤੇ ਨੂੰ ਸੁਣਨ ਦੀ ਬਜਾਏ ਸਰੋਤੇ ਆਪੋ ਆਪਣੇ ਫੋਨਾਂ ਵਿੱਚ ਰੁੱਝੇ ਹੁੰਦੇ ਹਨ। ਇੱਕ ਵਧੀਆ ਸਰੋਤਾ ਹੋਣ ਲਈ ਅੰਤਾਂ ਦਾ ਧੀਰਜਵਾਨ, ਵਿਚਾਰਵਾਨ, ਗੁਣਵਾਨ ਅਤੇ ਕਦਰਵਾਨ ਬਣਨਾ ਪੈਂਦਾ ਹੈ। ਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਡੇ ਵਿਚਾਰਾਂ ਜਾਂ ਲਿਖਤਾਂ ਨੂੰ ਕੋਈ ਬਹੁਤ ਹੀ ਧੀਰਜ ਨਾਲ ਸੁਣੇ ਅਤੇ ਪੜੇ ਤਾਂ ਪਹਿਲਾਂ ਸਾਨੂੰ ਖੁਦ ਨੂੰ ਇੱਕ ਵਧੀਆ ਸਰੋਤੇ ਅਤੇ ਵਧੀਆ ਪਾਠਕ ਬਣਨਾ ਪਵੇਗਾ। ਇਹ ਮੇਰਾ ਨਿੱਜੀ ਤਜਰਬਾ ਵੀ ਹੈ ਕਿ ਜਿੰਨੀ ਗਹਿਰਾਈ ਨਾਲ ਅਸੀ ਕਿਸੇ ਨੂੰ ਸੁਣਦੇ ਜਾਂ ਪੜਦੇ ਹਾਂ, ਸਾਡੀਆਂ ਲਿਖਤਾਂ ਨੂੰ ਵੀ ਪਾਠਕਾਂ ਦੁਆਰਾ ਉਸੇ ਤਰ੍ਹਾਂ ਹੀ ਪੜਿਆ ਜਾਂਦਾ ਹੈ। ਇਸ ਤੋਂ ਇਲਾਵਾ ਇੱਕ ਚੰਗੇ ਸਰੋਤੇ ਤੇ ਪਾਠਕ ਬਣਨ ਨਾਲ ਸਾਡੇ ਵਿੱਚ ਗਿਆਨ ਵਿੱਚ ਵਾਧਾ ਤਾਂ ਹੁੰਦਾ ਹੀ ਹੈ, ਨਾਲ ਦੀ ਨਾਲ ਸਾਡੀ ਸਖਸ਼ੀਅਤ ਨਿਖਰਦੀ ਹੈ ਅਤੇ ਸਾਡੇ ਵਿੱਚ ਸਹਿਜ ਆ ਜਾਂਦਾ ਹੈ। ਸੋ ਜਰੂਰੀ ਹੈ ਸਾਡਾ ਇੱਕ ਵਧੀਆ ਸਰੋਤਾ ਅਤੇ ਪਾਠਕ ਬਣਨਾ।

# ਕੁੱਖ 'ਚ ਨਾ ਮੈਨੂੰ ਮਾਰ ਨੀ ਮਾਏ

ਗਗਨਦੀਪ ਧਾਲੀਵਾਲ ਝਲੂਰ



ਕੁੱਖ 'ਚ ਨਾ ਮੈਨੂੰ ਮਾਰ ਨੀ ਮਾਏ ।
ਸੁਣ ਲੈ ਅਣਜੰਮੀ ਧੀ ਦੀ ਪੁਕਾਰ ਨੀ ਮਾਏ,
ਮੈਨੂੰ ਵੀ ਜੱਗ ਦੇਖਣ ਦਾ ਚਾਅ ਨੀ ਮਾਏ,
ਕੁੱਖ 'ਚ ਨਾ ਮੈਨੂੰ ਮਾਰ ਨੀ ਮਾਏ ।

ਤੂੰ ਹੀ ਤਾਂ ਇੱਕ ਮੇਰੀ ਅੰਮੀ ਹੋਰ ਨਾ ਮੇਰਾ ਕੋਈ
ਕੁੱਖ ਦੇ ਵਿੱਚ ਮਾਰਨ ਲਈ
ਦੱਸ ਕਿਉਂ ਮਜਬੂਰ ਤੂੰ ਹੋਈ
ਤੂੰ ਕਿਉਂ ਰਹੀਏ ਕਹਿਰ ਗੁਜ਼ਾਰ ਨੀ ਮਾਏ
ਕੁੱਖ 'ਚ ਨਾ ਮੈਨੂੰ ਮਾਰ ਨੀ ਮਾਏ

ਕੀ-ਕੀ ਅਰਮਾਨ ਸੋਚੀ ਜਾਵਾ
ਮੈਂ ਆਪਣੇ ਦਿਲ ਦੇ ਅੰਦਰ
ਕਿੰਝ ਤੈਨੂੰ ਸਮਝਾਵਾਂ ,
ਸੁਣ ਕੇ ਵਿਉਂਤਾਂ ਮਾਂ ਸਾਰਿਆਂ ਦੀਆਂ
ਮਨ ਹੀ ਮਨ ਘਬਰਾਵਾਂ
ਕਿਉਂ ਧੀ ਲਈ ਬਣੀ ਖੜੀ ਏ ਤਲਵਾਰ ਨੀ ਮਾਏ
ਕੁੱਖ 'ਚ ਨਾ ਮੈਨੂੰ ਮਾਰ ਨੀ ਮਾਏ

ਧੀਆਂ ਗਊ ਦਾ ਰੂਪ ,ਨਾ ਸਮਝੇ ਨਾ ਕੋਈ ਦਰਦੀ ਏ
ਮਾਂ ਤੇਰੇ ਅੱਗੇ ਤੇਰੀ ਧੀ ਫਰਿਆਦ ਕਰਦੀ ਏ
ਸਭ ਤੋਂ ਅੱਗੇ ਕਤਾਰ ਵਿੱਚ ਔਰਤ ਹੀ ਤਾਂ ਖੜ੍ਹਦੀ ਏ
ਹੁਣ ਤੱਕ ਏਨੇ ਦੁੱਖ ਸਹਿੰਦੀ ਆਈ ਏ
ਬੱਸ ਮੇਰੇ ਜੰਮਣ ਦਾ ਦੁੱਖ ਸਹਾਰ ਨੀ ਮਾਏ
ਕੁੱਖ 'ਚ ਨਾ ਮੈਨੂੰ ਮਾਰ ਨੀ ਮਾਏ

ਆਖਰ ! ਮਾਂ ਮੈਂ ਤੇਰੀ ਜ਼ਿੰਦਗੀ ਹਾਂ,ਤੇਰਾ ਹੀ ਟੁਕੜਾ ਹਾਂ
ਤੇਰੀ ਹੀ ਤਸਵੀਰ ਹਾਂ,ਤੇਰਾ ਹੀ ਮੁੱਖੜਾ ਹਾਂ
ਕਿਉਂ ਰਹੀਏ ਆਪਣੇ ਆਪ ਹਾਰ ਨੀ ਮਾਏ
ਕੁੱਖ 'ਚ ਨਾ ਮੈਨੂੰ ਮਾਰ ਨੀ ਮਾਏ

ਅੱਖਾਂ ਖੁੱਲਣ ਤੋਂ ਪਹਿਲਾ ਕਿਉਂ ਬੰਦ ਕਰਨਾ ਚਾਹੁੰਦੀ ਏ
ਜਨਮ ਲੈਣ ਤੋਂ ਪਹਿਲਾ ਕਿਉਂ ਮੌਤ ਦੇ ਵੱਸ ਪਾਉਣਾ ਚਾਹੁੰਦੀ ਏ
ਮਾਂ ਕਿਉਂ ਭਰੂਣ ਟੈਸਟ ਕਰਵਾਵੇ ਤੂੰ
ਇੰਨਾਂ ਹੱਤਿਆਰਿਆਂ ਦੇ ਵੱਸ ਪਾਵੇ ਤੂੰ
ਡਾਕਟਰ ਕਰਨਗੇ ਕਤਲ ਮੇਰਾ
ਲੈ-ਲੈ ਕਈ ਤਰ੍ਹਾਂ ਦੇ ਹਥਿਆਰ ਨੀ ਮਾਏ
ਕੁੱਖ 'ਚ ਨਾ ਮੈਨੂੰ ਮਾਰ ਨੀ ਮਾਏ

ਖਿੜਨ ਤੋਂ ਪਹਿਲਾ ਫੁੱਲ ਟਾਹਣੀ ਨਾਲੋ ਤੋੜੀ ਨਾ
ਮੈਂ ਰੱਬ ਦੀ ਦਿੱਤੀ ਸੌਗਾਤ ਹਾਂ,ਮਾਂ ਮੈਨੂੰ ਵਾਪਿਸ ਮੋੜੀ ਨਾ
ਮੈਂ ਸ੍ਰਿਸਟੀ ਦੀ ਸਿਰਜਣਹਾਰ ਨੀ ਮਾਏ
ਕੁੱਖ 'ਚ ਨਾ ਮੈਨੂੰ ਮਾਰ ਨੀ ਮਾਏ

ਮਿੱਠੀਆਂ-ਮਿੱਠੀਆਂ ਲੋਰੀਆਂ ਦੇ ਵੀਰੇ ਨੂੰ
ਸਭ ਨੇ ਲਾਡ ਲਡਾਇਆ ਏ
ਮੇਰੇ ਲਈ ਕਿਉਂ ਤੇਰੇ ਮਨ 'ਚ
ਇਹ ਘਟੀਆ ਵਿਚਾਰ ਆਇਆ ਏ
ਮਾਂ ਬਿਨਾਂ ਲੋਰੀ ਦੇ ਮੈਨੂੰ
ਮਾਰਨ ਦੀ ਤਜਵੀਜ਼ ਬਣਾਈ ਏ
ਪਰ ਡਰ ਹੈ ਮੇਰੇ ਆਉਣ ਤੇ
ਕਿਤੇ ਹੋਵੇ ਨਾ ਜੱਗ ਰੁਸਵਾਈ ਏ
ਬਣਾਂਗੀ ਹਰ ਜ਼ੁਲਮ ਲਈ ਕਟਾਰ ਨੀ ਮਾਏ
ਕੁੱਖ 'ਚ ਨਾ ਮੈਨੂੰ ਮਾਰ ਨੀ ਮਾਏ

ਜੋ ਗੁਰੂਆਂ ਕਿਹਾ ਵਿਚਾਰ ਨੀ ਮਾਂ
ਧੀਆਂ ਤਾਂ ਉੱਚੇ ਰੁਤਬੇ ਦਾ ਹੱਕਦਾਰ ਨੀ ਮਾਂ
ਜੇ ਜਿਉਣ ਦਾ ਹੱਕ ਦੇ ਦੇਵੇ
ਮੈਂ ਅੰਬਰ ਵੀ ਸਰ ਕਰ ਲਵਾਂਗੀ
ਆਪਣੇ ਹੱਕਾਂ ਲਈ ਲੜਾਂਗੀ
ਹਮੇਸ਼ਾ ਕਰਾਂਗੀ ਸਤਿਕਾਰ ਨੀ ਮਾਏ
ਕੁੱਖ 'ਚ ਨਾ ਮੈਨੂੰ ਮਾਰ ਨੀ ਮਾਏ

ਮੇਰਾ ਕਤਲ ਕਰਕੇ ਦੱਸ ਕੀ ਮਿਲਣਾ ਏ
ਉਹ ਫੁੱਲ ਕਿਉਂ ਤੋੜਦੀ ਏ
ਜੋ ਜ਼ਿੰਦਗੀ ਭਰ ਲਈ ਖਿਲਣਾ ਏ
ਹਮੇਸ਼ਾ ਕਰਾਂਗੀ ਪਿਆਰ ਨੀ ਮਾਏ
ਕੁੱਖ 'ਚ ਨਾ ਮੈਨੂੰ ਮਾਰ ਨੀ ਮਾਏ

ਦਾਜ ਦੀ ਲਈ ਕੁੜੀਆਂ ਦੀ ਬਲੀ ਚੜ੍ਹਦੀ ਏ
ਨੂੰਹ ਨੂੰ ਅੱਗ ਲਾਉਣ ਲੱਗਿਆ ਸੱਸ ਵੀ ਨਾ ਡਰਦੀ ਏ
ਦਾਜ ਦੇ ਲੋਭੀ ਧੀਆਂ ਨੂੰ ਕੁੱਟਦੇ ਮਾਰਦੇ
ਜ਼ਿੰਦਾ ਜਲਾਉਂਦੇ ਨੇ
ਤਾਹੀਓ ਤਾਂ ਗਰੀਬ ਮਾਪੇ ਧੀਆਂ ਨੂੰ ਕੁੱਖ 'ਚ ਕਤਲ ਕਰਾਉਂਦੇ ਨੇ
ਮੈਂ ਬੁਰਾਈਆਂ ਨੂੰ ਦੇਵਾਂਗੀ ਸਾੜ ਨੀ ਮਾਏ
ਕੁੱਖ 'ਚ ਨਾ ਮੈਨੂੰ ਮਾਰ ਨੀ ਮਾਏ

ਮਾਂ ਕੇਵਲ ਮੈਂ ਨਹੀਂ ਕਹਿੰਦੀ ਕਹਿੰਦਾ ਏ ਜੱਗ ਸਾਰਾ
ਅਣਜੰਮੀ ਧੀਆਂ ਨੂੰ ਮਾਰਨ ਤੋਂ ਵੱਡਾ ਹੋਰ ਨਾ ਕੋਈ ਹੱਤਿਆਰਾਂ
ਧਾਲੀਵਾਲ ਕਹਿੰਦੀ ਏ,ਮਾਂ ਇਹ ਜ਼ੁਲਮ ਕਮਾਈ ਨਾ
ਕਦੇ ਭਰੂਣ ਟੈਸਟ ਕਰਵਾਈ ਨਾ
ਉਹ ਵੀ ਤਾਂ ਲੋਕੀਂ ਨੇ ਜੋ ਧੀਆਂ ਨੂੰ ਅਪਣਾਉਂਦੇ ਨੇ
ਤੂੰ ਆਪਣਾ ਫੈਸਲਾ ਖ਼ੁਦ ਕਿਉਂ ਨਹੀਂ ਕਰ ਸਕਦੀ
ਗਗਨ ਕਰੇ ਤੈਨੂੰ ਸਵਾਲ ਨੀ ਮਾਏ
ਕੁੱਖ 'ਚ ਨਾ ਮੈਨੂੰ ਮਾਰ ਨੀ ਮਾਏ
ਗਗਨਦੀਪ ਧਾਲੀਵਾਲ ਝਲੂਰ ਬਰਨਾਲਾ
ਜਨਰਲ ਸਕੱਤਰ ਮਹਿਲਾ ਕਾਵਿ ਮੰਚ ਪੰਜਾਬ ।

## ਆਦੇਸ਼ ਪ੍ਰਤਾਪ ਕੈਰੋਂ ਨੇ ਕਿਹਾ: ਖੇਮਕਰਨ ਹਲਕੇ ਤੋਂ ਵੀ ਅਗਲੀ ਚੋਣ ਕੈਰੋਂ ਪਰਿਵਾਰ ਦਾ ਜੀਅ ਲੜੇਗਾ

ਤਰਨ ਤਾਰਨ, 10 ਮਾਰਚ (ਪੋਸਟ ਬਿਊਰੋ)- ਸਾਲ 2022 ਵਿੱਚ ਆ ਰਹੀਆਂ ਵਿਧਾਨ ਸਭਾ ਚੋਣਾਂ ਨੂੰ ਜਿੱਤਣ ਲਈ ਜਿੱਥੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਪੰਜਾਬ ਦੇ ਹਰ ਵਿਧਾਨ ਸਭਾ ਹਲਕੇ ਵਿੱਚ ਕਾਂਗਰਸ ਸਰਕਾਰ ਦੇ ਖਿਲਾਫ ਰੈਲੀਆਂ ਦਾ ਪ੍ਰੋਗਰਾਮ ਉਲੀਕੀ ਬੈਠੇ ਹਨ, ਉਥੇ ਪੰਜਾਬ ਦੀ ਸਿਆਸਤ ਵਿੱਚ ਵੱਡੀ ਪੈਠ ਬਣਾਉਣ ਵਾਲੇ ਕੈਰੋਂ ਪਰਵਾਰ ਦੇ ਫਰਜ਼ੰਦ ਅਤੇ ਸਿਆਸੀ ਆਗੂ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੇ ਆਪਣੇ ਜੱਦੀ ਵਿਧਾਨ ਸਭਾ ਹਲਕੇ ਦੇ ਨਾਲ ਪੈਂਦੇ ਖੇਮਕਰਨ ਵਿਧਾਨ ਸਭਾ ਹਲਕੇ ਤੋਂ ਸਿਆਸੀ ਸਰਗਰਮੀਆਂ ਆਰੰਭ ਕਰ ਕੇ ਐਲਾਨ ਕੀਤਾ ਹੈ ਕਿ ਹਲਕੇ ਦੇ ਲੋਕਾਂ ਦੇ ਕਹਿਣ ਉੱਤੇ ਕੈਰੋਂ ਪਰਵਾਰ ਦਾ ਇੱਕ ਮੈਂਬਰ ਖੇਮਕਰਨ ਵਿੱਚੋਂ ਵੀ ਅਗਲੀਆਂ ਵਿਧਾਨ ਸਭਾ ਚੋਣਾਂ ਲੜੇਗਾ।

ਵਰਨਣ ਯੋਗ ਹੈ ਕਿ ਆਦੇਸ਼ ਪ੍ਰਤਾਪ ਸਿੰਘ ਕੈਰੋਂ ਅਤੇ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਪ੍ਰੋ:ਵਿਰਸਾ ਸਿੰਘ ਵਲਟੋਹਾ ਵਿਚਾਲੇ ਪਹਿਲਾਂ ਹੀ ਝਗੜਾ ਚੱਲਦਾ ਹੈ। ਦੋਵਾਂ ਵਿਚਾਲੇ ਸੁਲਗਦੀ ਚੰਗਿਆੜੀ ਬਣ ਕੇ ਸਾਹਮਣੇ ਆ ਗਈ ਹੈ। ਖੇਮਕਰਨ ਹਲਕੇ ਵਿੱਚ ਕੈਰੋਂ ਨੇ ਮੀਟਿੰਗਾਂ ਕਰ ਕੇ ਇਸ ਹਲਕੇ ਦੀ ਸੇਵਾ ਕਰਨ ਦਾ ਐਲਾਨ ਕਰ ਦਿੱਤਾ ਹੈ। ਪ੍ਰੋਫੈਸਰ ਵਲਟੋਹਾ ਨੇ ਵੀ ਆਪਣੇ ਹਲਕੇ ਤੋਂ ਅਕਾਲੀ ਦਲ ਦੀ ਟਿਕਟ ਉੱਤੇ ਹੀ ਚੋਣ ਲੜਨ ਬਾਰੇ ਠੋਕ ਕੇ ਕਹਿ ਦਿੱਤਾ ਹੈ।

ਆਦੇਸ਼ ਪ੍ਰਤਾਪ ਸਿੰਗ ਕੈਰੋਂ ਨੇ ਇਸ ਬਾਰੇ ਪਹਿਲਾਂ ਤੋਂ ਤੈਅ ਕੀਤੇ ਪ੍ਰੋਗਰਾਮਾਂ ਹੇਠ ਵਿਧਾਨ ਸਭਾ ਹਲਕਾ ਖੇਮਕਰਨ ਦੇ ਕਈ ਪਿੰਡਾਂ ਵਿੱਚ ਅਕਾਲੀ ਆਗੂਆਂ ਵੱਲੋਂ ਰੱਖੀਆਂ ਮੀਟਿੰਗਾਂ ਨੂੰ ਸੰਬੋਧਨ ਕੀਤਾ ਹੈ, ਜਿਸ ਨਾਲ ਪੰਜਾਬ ਦੀ ਸਿਆਸਤ ਵਿਚ ਹਲਚਲ ਮੱਚ ਗਈ ਹੈ। ਪਤਾ ਲੱਗਾ ਹੈ ਕਿ ਪਿਛਲੇ ਇੱਕ ਮਹੀਨੇ ਤੋਂ ਸਾਬਕਾ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਦੇ ਸਿਆਸੀ ਸਲਾਹਕਾਰ ਗੁਰਮੁਖ ਸਿੰਘ



ਘੁੱਲਾ ਬਲੇਰ ਵਿਧਾਨ ਸਭਾ ਹਲਕਾ ਖੇਮਕਰਨ ਦੇ ਅਕਾਲੀ ਆਗੂਆਂ ਨਾਲ ਸੰਪਰਕ ਕਰ ਰਹੇ ਹਨ ਤੇ ਇਸ ਹਲਕੇ ਦੇ ਕਈ ਅਕਾਲੀ ਸਰਪੰਚ, ਸਾਬਕਾ ਸਰਪੰਚ ਤੇ ਹੋਰ ਆਗੂ ਚੰਡੀਗੜ੍ਹ ਵਿਖੇ ਆਦੇਸ਼ ਪ੍ਰਤਾਪ ਸਿੰਘਕੈਰੋਂ ਨਾਲ ਮੀਟਿੰਗਾਂ ਕਰ ਚੁੱਕੇ ਹਨ। ਸਭ ਕੁਝ ਵੇਖਣ ਪਿੱਛੋਂ ਕੱਲ੍ਹ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੇ ਹਲਕਾ ਖੇਮਕਰਨ ਦੇ ਪਿੰਡਾਂ ਰਾਮਪੁਰ, ਮਰਗਿੰਦਪੁਰਾ, ਪੂੰਨੀਆਂ, ਖਾਰਾ ਰਾਮ ਸਿੰਘ, ਅਮਰਕੋਟ, ਆਸਲ-ਉਤਾੜ ਆਦਿ ਵਿੱਚ ਜਾ ਕੇ ਤੈਅ ਪ੍ਰੋਗਰਾਮ ਅਨੁਸਾਰ ਮੀਟਿੰਗਾਂ ਨੂੰ ਸੰਬੋਧਨ ਕੀਤਾ ਅਤੇ ਕਿਹਾ ਕਿ ਹਲਕੇ ਦੇ ਬਹੁਤ ਸਾਰੇ ਸਰਪੰਚਾਂ, ਸਾਬਕਾ ਸਰਪੰਚਾਂ ਅਤੇ ਹੋਰ ਆਗੂਆਂ ਨੇ ਉਨ੍ਹਾਂ ਨੂੰ ਮਜਬੂਰ ਕੀਤਾ ਹੈ ਕਿ ਇਥੋਂ ਸੇਵਾ ਕਰਨ। ਇਨ੍ਹਾਂ ਮੀਟਿੰਗਾਂ ਵਿੱਚ ਕੈਰੋਂ ਨੇ ਅਕਾਲੀ ਸਰਕਾਰ ਵੇਲੇ ਦੀਆਂ ਆਪਣੀਆਂ ਪ੍ਰਾਪਤੀਆਂ ਵੀ ਗਿਆਣੀਆਂ। ਕੈਰੋਂ ਦੇ ਅਨੁਸਾਰ ਇਸ ਹਲਕੇ ਨਾਲ ਉਨ੍ਹਾਂ ਦਾ ਪੁਰਾਣਾ ਰਿਸ਼ਤਾ ਹੈ ਤੇ ਪਿਛਲੇ ਸਮੇਂ ਵਿੱਚ ਹੋਈ ਹਲਕਾਬੰਦੀ ਵੇਲੇ ਉਨ੍ਹਾਂ ਦੇ ਹਲਕੇ ਪੱਟੀ ਦੇ ਕਈ ਪਿੰਡ ਇਸ ਪਾਸੇ ਜੁੜ ਗਏ ਹਨ, ਪਰ ਇਥੋਂ ਦੇ ਲੋਕਾਂ ਨਾਲ ਉਨ੍ਹਾਂ ਦਾ ਪਿਆਰ ਅਜੇ ਵੀ ਕਾਇਮ ਹੈ। ਉਨ੍ਹਾਂ ਕਿਹਾ ਕਿ ਖੇਮਕਰਨ ਹਲਕੇ ਦੇ ਲੋਕਾਂ ਵੱਲੋਂ ਹਲਕੇ ਦੀ ਸੇਵਾ ਕਰਨ ਲਈ ਵਾਰ-ਵਾਰ ਕਹਿਣ ਉੱਤੇ ਉਨ੍ਹਾਂ ਨੇ ਆਪਣੇ ਪਰਵਾਰ ਵਿੱਚ ਵਿਚਾਰ ਕੇ ਇਹ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਆਪਣੇ ਪਿਤਾ ਸੁਰਿੰਦਰ ਸਿੰਘ ਕੈਰੋਂ ਨਾਲ 20 ਸਾਲ ਪੀ ਏ ਬਣ ਕੇ ਸੇਵਾ ਕੀਤੀ ਤੇ ਲੋਕਾਂ ਦੀਆਂ ਮੁਸ਼ਕਲਾਂ ਤੋਂ ਚੰਗੀ ਤਰ੍ਹਾਂ ਜਾਣੂ ਹਨ, ਜਿਸ ਕਰ ਕੇ ਵੱਧ ਚੰਗੀ ਤਰ੍ਹਾਂ ਸੇਵਾ ਕਰ ਸਕਦੇ ਹਨ।

ਇਸ ਤਰ੍ਹਾਂ ਦੇ ਆਦੇਸ਼ ਪ੍ਰਤਾਪ ਸਿੰਘ ਕੈਰੋਂ ਦੇ ਐਲਾਨ ਤੋਂ ਬਾਅਦ ਪੰਜਾਬ, ਖਾਸ ਕਰ ਕੇ ਮਾਝੇ ਦੀ ਸਿਆਸਤ ਵਿੱਚ ਭੁਚਾਲ ਆ ਗਿਆ ਹੈ, ਕਿਉਂਕਿ ਕੈਰੋਂ ਧੜੇ ਨਾਲ ਸਬੰਧਤ ਕਈ ਹੋਰ ਆਗੂ ਵੀ ਹੋਰ ਵਿਧਾਨ ਸਭਾ ਹਲਕਿਆਂ ਤੋਂ ਚੋਣਾਂ ਲੜਨ ਦੇ ਦਾਅਵੇ ਜਤਾ ਰਹੇ ਹਨ, ਜਿਨ੍ਹਾਂ ਵਿੱਚ ਤਰਨ ਤਾਰਨ, ਖਡੂਰ ਸਾਹਿਬ, ਜੰਡਿਆਲਾ ਗੁਰੂ ਪ੍ਰਮੁੱਖ ਹਨ। ਜੇ ਸ਼੍ਰੋਮਣੀ ਅਕਾਲੀ ਦਲ ਆਦੇਸ਼ ਪ੍ਰਤਾਪ ਸਿੰਘ ਕੈਰੋਂ ਵੱਲੋਂ ਐਲਾਨ ਤੋਂ ਬਾਅਦ ਉਨ੍ਹਾਂ ਨੂੰ ਖੇਮਕਰਨ ਹਲਕੇ ਤੋਂ ਟਿਕਟ ਨਹੀਂ ਦਿੰਦਾ ਤਾਂ ਕੈਰੋਂ ਦੀ ਅਗਲੀ ਰਣਨੀਤੀ ਨਾਲ ਅਕਾਲੀ ਸਿਆਸਤ ਉੱਤੇ ਵੱਡਾ ਅਸਰ ਪਵੇਗਾ, ਕਿਉਂਕਿ ਪਹਿਲਾਂ ਹੀ ਅਕਾਲੀ ਦਲ ਦੇ ਸੀਨੀਅਰ ਆਗੂ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ, ਸੁਖਦੇਵ ਸਿੰਘ ਢੀਂਡਸਾ, ਪਰਮਿੰਦਰ ਸਿੰਘ ਢੀਂਡਸਾ, ਸੇਵਾ ਸਿੰਘ ਸੇਖਵਾਂ ਆਦਿ ਅਕਾਲੀ ਦਲ ਤੋਂ ਬਾਹਰ ਹੋ ਕੇ ਪਾਰਟੀ ਲਈ ਸਿਰਦਰਦੀ ਬਣੇ ਹੋਏ ਹਨ। ਕੈਰੋਂ ਨੇ ਪਹਿਲਾਂ ਹੀ ਪੱਟੀ ਵਿਖੇ ਨਗਰ ਕੌਂਸਲ ਦੀਆਂ ਚੋਣਾਂ ਮੌਕੇ ਸ਼ਹਿਰ ਤੋਂ ਦੂਰੀ ਬਣਾਈ ਰੱਖੀ ਸੀ ਅਤੇ ਫਿਰ ਆਪਣੇ ਹਲਕੇ ਪੱਟੀ ਵਿੱਚ ਜਾਣ ਦੀ ਥਾਂ ਸਿੱਧਾ ਖੇਮਕਰਨ ਹਲਕੇ ਦੇ ਪਿੰਡਾਂ ਵਿੱਚ ਮੀਟਿੰਗਾਂ ਲਈ ਪਹੁੰਚ ਗਏ। ਉਨ੍ਹਾਂ ਦੇ ਇਸ ਫੈਸਲੇ ਪਿੱਛੋਂ ਵੱਖ-ਵੱਖ ਪਾਰਟੀਆਂ ਦੀਆਂ ਨਜ਼ਰਾਂ 15 ਮਾਰਚ ਨੂੰ ਭਿੱਖੀਵਿੰਡ ਵਿਖੇ ਸ਼੍ਰੋਮਣੀ ਅਕਾਲੀ ਦਲ ਦੀ ਹੋਣ ਵਾਲੀ ਰੈਲੀ ਉੱਤੇ ਹਨ, ਜਿੱਥੇ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਅਤੇ ਸਾਬਕਾ ਵਿਧਾਇਕ ਪ੍ਰੋਫੈਸਰ ਵਿਰਸਾ ਸਿੰਘ ਵਲਟੋਹਾ ਦੀ ਅਗਵਾਈ ਵਿੱਚ ਹੋਣ ਵਾਲੀ ਰੈਲੀ ਵਿੱਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਸਾਬਕਾ ਮੰਤਰੀ ਪਹੁੰਚ ਰਹੇ ਹਨ।

# ਗਾਂਧੀ ਵਨਿਤਾ ਆਸ਼ਰਮ ਤੋਂ ਕੁੜੀਆਂ ਦੇ ਭੱਜਣ ਦਾ ਵਿਭਾਗ ਨੇ ਨੋਟਿਸ ਲਿਆ

ਜਲੰਧਰ, 10 ਮਾਰਚ (ਪੋਸਟ ਬਿਊਰੋ)- ਗਾਂਧੀ ਵਨਿਤਾ ਆਸ਼ਰਮ ਵਿੱਚ ਪਰਸੋਂ 46 ਕੁੜੀਆਂ ਦੇ ਭੱਜਣ ਦਾ ਸਖਤ ਨੋਟਿਸ ਲੈਂਦਿਆਂ ਸਮਾਜਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਨੇ ਕੁੜੀਆਂ ਆਸ਼ਰਮ ਵਿੱਚੋਂ ਭੱਜਣ ਦੇ ਕਾਰਨਾਂ ਦੀ ਜਾਂਚ ਲਈ ਤਿੰਨ ਮੈਂਬਰੀ ਕਮੇਟੀ ਬਣਾ ਦਿੱਤੀ ਹੈ।

ਵਿਭਾਗ ਦੀ ਪ੍ਰਿੰਸੀਪਲ ਸੈਕਟਰੀ ਰਾਜੀ ਪੀ ਸ੍ਰੀਵਾਸਤਵ ਵੱਲੋਂ ਵਿਭਾਗ ਦੇ ਤਿੰਨ ਅਧਿਕਾਰੀਆਂ ਦੀ ਬਣਾਈ ਗਈ ਉਕਤ ਕਮੇਟੀ ਨੇ ਕੱਲ੍ਹ ਇਸ ਆਸ਼ਰਮ ਦਾ ਦੌਰਾ ਕੀਤਾ ਅਤੇ ਵਿਭਾਗ ਦੀ ਜੁਆਇੰਟ ਡਾਇਰੈਕਟਰ ਵਿੰਮੀ ਭੁੱਲਰ, ਡਿਪਟੀ ਡਾਇਰੈਕਟਰ ਗੁਰਜਿੰਦਰ ਸਿੰਘ ਮੌੜ ਅਤੇ ਚਾਈਲਡ ਵੈਲਫੇਅਰ ਕਮੇਟੀ ਦੀ ਮੁਖੀ ਸ਼ੈਲੀ ਮਿੱਤਲ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਕਮੇਟੀ ਨੇ ਆਸ਼ਰਮ ਵਿੱਚੋਂ ਭੱਜਣ ਵਾਲੀਆਂ ਕੁੜੀਆਂ ਨਾਲ ਗੱਲ ਕਰ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ।

ਵਰਨਣਯੋਗ ਹੈ ਕਿ ਸੋਮਵਾਰ ਨੂੰ ਕਪੂਰਥਲਾ ਚੌਕ ਨੇੜੇ ਗਾਂਧੀ ਵਨਿਤਾ ਆਸ਼ਰਮ ਦੀਆਂ ਕੁਝ ਲੜਕੀਆਂ ਦੁਪਹਿਰ ਵੇਲੇ ਆਪਣੀ ਸਾਥਣ ਦੇ ਬਿਮਾਰ ਹੋਣ ਦਾ ਰੋਸ ਕਰ ਕੇ ਮੁੱਖ ਗੇਟ ਉੱਤੇ ਪੁੱਜੀਆਂ ਅਤੇ ਉਥੇ ਤੈਨਾਤ ਚੌਕੀਦਾਰ ਨੂੰ ਬੰਦੀ ਬਣਾ ਕੇ 46 ਕੁੜੀਆਂ ਆਸ਼ਰਮਤੋਂ ਭੱਜ ਗਈਆਂ। ਪੁਲਸ ਤੇ ਪ੍ਰਸ਼ਾਸਨ ਨੇ ਤੁਰੰਤ ਕਾਰਵਾਈ ਕਰਦਿਆਂ ਐਸ ਡੀ ਐਮ-1 ਜੈ ਇੰਦਰ ਸਿੰਘ ਤੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਗੁਰਮਿੰ-ਦਰ ਸਿੰਘ ਰੰਧਾਵਾ ਦੀ ਅਗਵਾਈ ਵਿੱਚ ਪੁਲਸ ਫੋਰਸ ਵੱਲੋਂ ਕਾਫੀ ਜੱਦੋਜਹਿਦ ਤੋਂ ਬਾਅਦ ਕੁੜੀਆਂ ਨੂੰ ਵਾਪਸ ਆਸ਼ਰਮ ਵਿੱਚ ਲਿਆਂਦਾ ਗਿਆ। ਕੁੜੀਆਂ ਇਸ ਗੱਲ ਉੱਤੇ ਅੜੀਆਂ ਹੋਈਆਂ ਸਨ ਕਿ ਉਨ੍ਹਾਂ ਨੂੰ ਕਾਫੀ ਸਮਾਂ ਇੱਥੇ ਰਹਿੰਦਿਆਂ ਹੋ ਗਿਆ, ਪਰ ਉਨ੍ਹਾਂ ਨੂੰ ਸਹੁਰੇ ਪਰਵਾਰਾਂ ਵਿੱਚ ਨਹੀਂ ਭੇਜਿਆ ਜਾ ਰਿਹਾ, ਇਸ ਲਈ ਉਨ੍ਹਾਂ ਨੂੰ ਆਪਣੇ ਪਤੀ ਤੇ ਸਹੁਰੇ ਪਰਵਾਰਾਂ ਕੋਲ ਭੇਜਿਆ ਜਾਵੇ। ਕੱਲ੍ਹ ਸਮਾਜਕ



ਸੁਰੱਖਿਆ ਤੇ ਮਹਿਲਾ ਤੇ ਬਾਲ ਵਿਕਾਸ ਵਿਭਾਗ ਦੀ ਤਿੰਨ ਮੈਂਬਰੀ ਕਮੇਟੀ ਵਿੱਚੋਂ ਵਿੰਮੀ ਭੁੱਲਰ, ਗੁਰਜਿੰਦਰ ਸਿੰਘ ਮੌੜ ਤੇ ਸ਼ੈਲੀ ਮਿੱਤਲ ਨੇ ਆਸ਼ਰਮ ਪੁੱਜ ਕੇ ਇੰਨੀ ਵੱਡੀ ਗਿਣਤੀ ਵਿੱਚ ਕੁੜੀਆਂ ਆਸ਼ਰਮ ਵਿੱਚੋਂ ਭੱਜਣ ਦੇ ਕਾਰਨਾਂ ਤੇ ਖਾਮੀਆਂ ਬਾਰੇ ਸਬੰਧਤ ਅਧਿਕਾਰੀਆਂ ਤੇ ਕੁੜੀਆਂ ਤੋਂ ਪੁੱਛਗਿੱਛ ਕੀਤੀ। ਕਮੇਟੀ ਸਾਹਮਣੇ ਕੁੜੀਆਂ ਨੇ ਮੰਗ ਰੱਖੀ ਕਿ ਉਨ੍ਹਾਂ ਨੂੰ ਇੱਥੋਂ ਬਾਹਰ ਭੇਜਣ ਦਾ ਪ੍ਰਬੰਧਕੀਤਾ ਜਾਵੇ, ਜਿਸ ਉੱਤੇ ਉਨ੍ਹਾਂ ਨੂੰ ਸਮਝਾਇਆ ਗਿਆ ਕਿ ਉਹ ਹਾਲੇ ਨਾਬਾਲਗ ਹਨ ਅਤੇ ਮਾਪਿਆਂ ਕੋਲ ਉਹ ਜਾਣਾ ਨਹੀਂ ਚਾਹੁੰਦੀਆਂ, ਇਸ ਲਈ ਜਿੰਨੀ ਦੇਰ ਤੱਕ 18 ਸਾਲ ਦੀਆਂ ਨਹੀਂ ਹੋ ਜਾਂਦੀਆਂ, ਉਨ੍ਹਾਂ ਨੂੰ ਇੱਥੋਂ ਭੇਜਣਾ ਸੰਭਵ ਨਹੀਂ ਹੈ। ਇਸ ਉੱਤੇ ਕੁੜੀਆਂ ਨੇ ਕਿਹਾ ਕਿ ਉਨ੍ਹਾਂ ਦੇ ਮਾਤਾ-ਪਿਤਾ ਨੇ ਉਮਰ ਗਲਤ ਲਿਖਵਾਈ ਹੈ, ਜਦੋਂ ਕਿ ਉਹ ਬਾਲਗ ਹਨ। ਉਨ੍ਹਾਂ ਮੰਗ ਕੀਤੀ ਕਿ ਉਨ੍ਹਾਂ ਦੀ ਮੈਡੀਕਲ ਜਾਂਚ ਕਰਵਾਈ ਜਾਵੇ ਤਾਂ ਜੋ ਉਮਰ ਦਾ ਪਤਾ ਲੱਗ ਜਾਵੇਗਾ।

ਜ਼ਿਲ੍ਹਾ ਪ੍ਰੋਗਰਾਮ ਅਫਸਰ ਗੁਰਮਿੰ-ਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਆਸ਼ਰਮ ਵਿੱਚ ਇਸ ਸਮੇਂ 83 ਕੁੜੀਆਂ ਤੇ ਤਿੰਨ ਬੱਚੇ ਹਨ, ਜਿਨ੍ਹਾਂ ਵਿੱਚੋਂ ਸਿਰਫ ਚਾਰ ਕੁੜੀਆਂ ਦੀ ਉਮਰ 18 ਸਾਲ ਤੋਂ ਉਪਰ ਹੈ, ਜਿਨ੍ਹਾਂ ਨੂੰ ਉਨ੍ਹਾਂ ਦੇ ਪਤੀਆਂ ਜਾਂ ਸਹੁਰੇ ਪਰਵਾਰਾਂ ਵਿੱਚ ਭੇਜਣ ਲਈ ਅਦਾਲਤੀ ਪ੍ਰਕਿਰਿਆ ਚੱਲ ਰਹੀ ਹੈ। ਆਸ਼ਰਮ ਦੇ ਅਧਿਕਾਰੀ ਉਨ੍ਹਾਂ ਨੂੰ ਛੇਤੀ ਰਿਲੀਜ਼ ਕਰਨ ਲਈ ਚਾਈਲਡ ਵੈਲਫੇਅਰ ਕਮੇਟੀ ਨੂੰ ਲਿਖ ਰਹੇ ਹਨ। ਸਮਾਜਕ ਸੁਰੱਖਿਆ ਅਤੇ ਮਹਿਲਾ ਤੇ ਬਾਲ ਵਿਕਾਸ ਦੀ ਡਿਪਟੀ ਡਾਇਰੈਕਟਰ ਵਿੰਮੀ ਭੁੱਲਰ ਨੇ ਦੱਸਿਆ ਕਿ ਗਾਂਧੀ ਵਨਿਤਾ ਆਸ਼ਰਮ ਦੇ ਦੌਰੇ ਦੌਰਾਨ ਕੁੜੀਆਂ ਨਾਲ ਕੀਤੀ ਗਈ ਗੱਲਬਾਤ ਦੀਸਾਰੀ ਰਿਪੋਰਟ ਉਨ੍ਹਾਂ ਵਿਭਾਗ ਦੀ ਪ੍ਰਿੰਸੀਪਲ ਸੈਕਟਰੀ ਰਾਜੀ ਪੀ ਸ੍ਰੀਵਾਸਤਵ ਨੂੰ ਦੇ ਦਿੱਤੀ ਹੈ।

## ਯੂਥ ਕਾਂਗਰਸ ਆਗੂ ਨੂੰ ਐਸ ਐਸ ਪੀ ਨਾਲ ਦੁਰ-ਵਿਹਾਰ ਚੋਖਾ ਮਹਿੰਗਾ ਪਿਆ

* ਵੀਡੀਓ ਪਾ ਕੇ ਕੈਪਟਨ ਅਮਰਿੰਦਰ ਤੇ ਮਨੀਸ਼ ਤਿਵਾੜੀ ਤੋਂ ਵੀ ਮੁਆਫੀ ਮੰਗੀ

ਮੋਗਾ, 10 ਮਾਰਚ (ਪੋਸਟ ਬਿਊਰੋ)- ਜਲੰਧਰ ਯੂਥ ਕਾਂਗਰਸ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਰਿੰਕੂ ਸੇਠੀ ਨੂੰ ਮੋਗਾ ਦੇ ਐਸ ਐਸ ਪੀ ਨਾਲ ਲਾਈਵ ਹੋ ਕੇ ਦੁਰ-ਵਿਹਾਰ ਕਰਨਾ ਮਹਿੰਗਾ ਪੈ ਗਿਆ ਹੈ। ਇਹ ਵੀਡੀਓ ਵੀ ਸੋਸ਼ਲ ਮੀਡੀਆ ਉੱਤੇ ਕਾਫੀ ਵਾਇਰਲ ਹੋਈ ਹੈ। ਯੂਥ ਕਾਂਗਰਸੀ ਆਗੂ ਖਿਲਾਫ ਜਲੰਧਰ ਅਤੇ ਮੋਗਾ ਵਿੱਚ ਸੰਗੀਨ ਧਾਰਾਵਾਂ ਦੇ ਕੇਸ ਦਰਜ ਕੀਤੇ ਜਾਣ ਪਿੱਛੋਂ ਯੂਥ ਕਾਂਗਰਸੀ ਆਗੂ ਵੱਲੋਂ ਲਾਈਵ ਹੋ ਕੇ ਮੁਆਫੀ ਮੰਗਣ ਦੀ ਵੀਡੀਓ ਵਾਇਰਲ ਹੋ ਰਹੀ ਹੈ।

ਵਾਇਰਲ ਹੋਈ ਇਸ ਵੀਡੀਓ ਅਨੁਸਾਰ ਜਲੰਧਰ ਦਾ ਸਾਬਕਾ ਯੂਥ ਕਾਂਗਰਸੀ ਰਵਿੰਦਰਪਾਲ ਸਿੰਘ ਉਰਫ ਰਿੰਕੂ ਸੇਠੀ ਪਹਿਲਾਂ ਲਾਈਵ ਹੋ ਕੇ ਇੱਕ ਔਰਤ ਨੂੰ ਫੋਨ ਕਰਦਾ ਅਤੇ ਫਿਰ ਮੋਗਾ ਦੇ ਐਸ ਐਸ ਪੀ ਹਰਮਨਬੀਰ ਸਿੰਘ ਗਿੱਲ ਨਾਲ ਖਹਿਬੜਦਾ ਹੈ ਅਤੇ ਗੱਲ ਗਾਲੀ ਗਲੋਚ ਤੱਕ ਪਹੁੰਚ ਜਾਂਦੀ ਹੈ। ਇਸ ਬਾਰੇ ਜਲੰਧਰ ਦੇ ਡਵੀਜ਼ਨ ਨੰਬਰ ਸੱਤ ਵਿੱਚ ਉਸ ਮਹਿਲਾ ਦੀ ਸ਼ਿਕਾਇਤ ਉੱਤੇ ਛੇੜਛਾੜ ਆਦਿ ਦੇ ਦੋਸ਼ ਹੇਠ ਰਿੰਕੂ ਸੇਠੀ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਇਸੇ ਤਰ੍ਹਾਂ ਮੋਗਾ ਦੇ ਥਾਣਾ ਮਹਿਣਾ ਵਿੱਚ ਸੀ ਆਈ ਏ ਇੰਚਾਰਜ ਦੀ ਸੂਚਨਾ ਉੱਤੇ ਗੈਂਗਸਟਰਾਂ ਨਾਲ ਸੰਬੰਧਾਂ ਦੇ ਆਧਾਰ ਉੱਤੇ ਐਸ ਐਸ ਪੀ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦੇ ਦੋਸ਼ ਹੇਠ ਯੂਥ ਕਾਂਗਰਸ ਆਗੂ ਉੱਤੇ ਇੱਕ ਕੇਸ ਦਰਜ ਕੀਤਾ ਗਿਆ ਹੈ। ਜਾਣਕਾਰ ਸੂਤਰਾਂ ਅਨੁਸਾਰ ਰਿੰਕੂ ਸੇਠੀ ਨੂੰ ਪੁਲਸ ਨੇ ਹਿਰਾਸਤ ਵਿੱਚ ਲੈਣ ਮਗਰੋਂ ਉਸ ਵੱਲੋਂ ਲਾਈਵ ਹੋ ਕੇ ਮੁਆਫੀ ਮੰਗਣ ਦੇ ਬਾਅਦ ਛੱਡ ਦਿੱਤਾ ਹੈ। ਪੁਲਸ ਵਿਭਾਗ ਨੇ ਇਹ ਕਾਰਵਾਈ ਪੂਰੀ ਤਰ੍ਹਾਂ ਗੁਪਤ ਰੱਖੀ ਹੈ। ਮੁਆਫੀ ਦੀ ਵੀਡੀਓ ਵਿੱਚ ਯੂਥ ਕਾਂਗਰਸ ਆਗੂ ਕਹਿੰਦਾ ਹੈ ਕਿ ਗਲਤੀਆਂ ਹੋ ਜਾਂਦੀਆਂ ਹਨ। ਇਸ ਤੋਂਪਹਿਲਾਂ ਉਸ ਨੇ ਕੈਪਟਨ ਅਮਰਿੰ-ਦਰ ਸਿੰਘ ਅਤੇ ਮਨੀਸ਼ ਤਿਵਾੜੀ ਖਿਲਾਫ ਪਾਈ ਵੀਡੀਓ ਵਿੱਚ ਵੀ ਕੁਝ ਸ਼ਬਦ ਬੋਲੇ, ਜਿਸ ਨੂੰ ਉਹ ਗਲਤ ਮਹਿਸੂਸ ਕਰਦਾ ਹੈ। ਉਸ ਨੇ ਮੁੱਖ ਮੰਤਰੀ ਤੇ ਮਨੀਸ਼ ਤਿਵਾੜੀ ਤੋਂ ਮੁਆਫੀ ਮੰਗੀ ਹੈ।

ਐਸ ਐਸ ਪੀ ਵਾਲੇ ਮੁੱਦੇ ਉੱਤੇ ਉਸ ਨੇ ਦੋਸਤ ਦਾ ਨਾਂ ਲੈ ਕੇ ਉਸ ਉੱਤੇ ਗੁੰਮਰਾਹ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਉਸ ਨੇ ਫੋਨ ਨੰਬਰ ਦਿੱਤਾ ਤਾਂ ਉਸ ਦੇ ਵੀਰ ਨੇ ਸਮਝਾਇਆ ਕਿ ਉਹ ਗਲਤ ਕਰ ਰਿਹਾ ਹੈ, ਪਰ ਉਸ ਨੇ ਉਸ ਖਿਲਾਫ ਵੀ ਅਪਸ਼ਬਦ ਵਰਤੇ। ਹੱਥ ਜੋੜ ਕੇ ਮੁਆਫੀ ਮੰਗਦਿਆਂ ਯੂਥ ਕਾਂਗਰਸੀ ਆਗੂ ਨੇ ਕਿਹਾ ਕਿ ਉਸ ਕੋਲੋਂ ਗਲਤੀ ਹੋਈ ਹੈ। ਉਸ ਨੇ ਕਿਹਾ ਕਿ ਗਲਤੀ ਕਾਰਨ ਕਿਸੇ ਦਾ ਮੰਨ ਦੁਖਿਆ ਤਾਂ ਉਹ ਸਾਰਿਆਂ ਤੋਂ ਦਿਲੋਂ ਮੁਆਫੀ ਚਾਹੁੰਦਾ ਹੈ।

## ਡੀ ਜੀ ਪੀ ਕਮੇਟੀ ਬਣਾ ਕੇ ਸਕਿਓਰਿਟੀ ਪਾਲਿਸੀ ਦੀ ਮੁੜ ਵਿਚਾਰ ਕਰੇ: ਹਾਈ ਕੋਰਟ

ਚੰਡੀਗੜ੍ਹ, 10 ਮਾਰਚ (ਪੋਸਟ ਬਿਊਰੋ)- ਪੰਜਾਬ ਸਰਕਾਰ ਦੀ ਸਟੇਟ ਸਕਿਓਰਿਟੀ ਪਾਲਿਸੀ 2013 ਸੱਤ-ਅੱਠ ਸਾਲ ਪੁਰਾਣੀ ਹੋ ਚੁੱਕੀ ਹੈ, ਇਸ ਲਈ ਇਸ ਪਾਲਿਸੀ ਉੱਤੇ ਮੁੜ ਵਿਚਾਰ ਕੀਤਾ ਜਾਣਾ ਬੇਹੱਦ ਜ਼ਰੂਰੀ ਹੈ ਤਾਂ ਕਿ ਸਕਿਓਰਿਟੀ ਪਾਲਿਸੀ ਬਿਨਾਂ ਕਿਸੇ ਵਿਤਕਰੇ ਦੇ ਬਣਾਈ ਜਾ ਸਕੇ। ਹਾਈ ਕੋਰਟ ਨੇ ਇਹ ਟਿੱਪਣੀ ਸਾਬਕਾ ਵਿਧਾਇਕ ਬੀਰ ਦਵਿੰਦਰ ਸਿੰਘ ਦੀ ਅਰਜ਼ੀ ਦਾ ਨਿਪਟਾਰਾ ਕਰਦੇ ਹੋਏ ਦਿੱਤੀ ਹੈ।

ਜਸਟਿਸ ਗਿਰੀਸ਼ ਅਗਨੀਹੋਤਰੀ ਨੇ ਇਸ ਅਰਜ਼ੀ ਦਾ ਨਿਬੇੜਾ ਕਰਦੇ ਹੋਏ ਪੰਜਾਬ ਦੇ ਡੀ ਜੀ ਪੀ ਨੂੰ ਹੁਕਮ ਦਿੱਤੇ ਹਨ ਕਿ ਉਹ ਅਧਿਕਾਰੀਆਂ ਦੀ ਇੱਕ ਕਮੇਟੀ ਬਣਾਉਣ, ਜੋ ਪਾਰਲੀਮੈਂਟ ਮੈਂਬਰਾਂ, ਵਿਧਾਇਕਾਂ ਅਤੇ ਹੋਰਾਂ ਨੂੰ ਦਿੱਤੀ ਜਾਣ ਵਾਲੀ ਸੁਰੱਖਿਆ ਲਈ ਬਣਾਈ ਸਕਿਓਰਿਟੀ ਪਾਲਿਸੀ ਉੱਤੇ




ਮੁੜ ਵਿਚਾਰ ਕਰੇ ਤੇ ਇਸ ਦੀ ਰਿਪੋਰਟ ਸਰਕਾਰ ਨੂੰ ਸੌਂਪੀ ਜਾਏ। ਇਨ੍ਹਾਂ ਹੁਕਮਾਂ ਦੇ ਨਾਲ ਹਾਈ ਕੋਰਟ ਨੇ ਨਵੀਂ ਪਾਲਿਸੀ ਆਉਣ ਤੱਕ ਸਾਬਕਾ ਵਿਧਾਇਕ ਬੀਰ ਦਵਿੰਦਰ ਸਿੰਘ ਦੀ ਸੁਰੱਖਿਆ ਵਿੱਚ ਤਿੰਨ ਪੀ ਐਸ ਓ ਤੈਨਾਤ ਕਰਨ ਦੇ ਹੁਕਮਾਂ ਨੂੰ ਬਰਕਰਾਰ ਰੱਖਿਆ ਹੈ।

ਵਰਨਣ ਯੋਗ ਹੈ ਕਿ ਸਾਬਕਾ ਵਿਧਾਇਕ ਅਤੇ ਟਕਸਾਲੀ ਨੇਤਾ ਬੀਰ ਦਵਿੰਦਰ ਸਿੰਘ ਦੀ ਸੁਰੱਖਿਆ ਵਾਪਸ ਲਏ ਜਾਣ ਦੇ ਖਿਲਾਫ ਉਨ੍ਹਾਂ ਨੇ ਹਾਈ ਕੋਰਟ ਵਿੱਚ ਅਰਜ਼ੀ ਦੇ ਕੇ ਆਪਣੀ ਸੁਰੱਖਿਆ ਫਿਰ ਬਹਾਲ ਕਰਨ ਦੀ ਮੰਗ ਕੀਤੀ ਸੀ। ਬੀਰ ਦਵਿੰਦਰ ਸਿੰਘ ਨੇ ਹਾਈ ਕੋਰਟ ਵਿੱਚ ਅਰਜ਼ੀ ਦਾਇਰ ਕਰ ਕੇ ਦੱਸਿਆ ਸੀ ਕਿ ਸਾਲ 1983 ਤੋਂ ਹੀ ਉਨ੍ਹਾਂ ਨੂੰ ਸੁਰੱਖਿਆ ਮਿਲੀ ਹੋਈ ਸੀ, ਜਿਹੜੀ ਹਟਾਈ ਜਾ ਰਹੀ ਹੈ, ਪਰ ਕੋਰਟ ਨੇ ਹਾਲ ਦੀ ਘੜੀ ਰੋਕ ਦਿੱਤਾ ਹੈ।

# ਖਡੂਰ ਸਾਹਿਬ ਤੋਂ ਗੰਨ ਹਾਊਸ ਲੁੱਟਣ ਵਾਲੇ ਤਿੰਨ ਜਣੇ ਕਾਬੂ

ਤਰਨ ਤਾਰਨ, 10 ਮਾਰਚ (ਪੋਸਟ ਬਿਊਰੋ)- ਪੁਲਸ ਨੇ ਕਸਬਾ ਖਡੂਰ ਸਾਹਿਬ ਵਿਖੇ ਜਨਵਰੀ ਮਹੀਨੇ ਵਿੱਚ ਇੱਕ ਗੰਨ ਹਾਊਸ ਨੂੰ ਲੁੱਟਣ ਦਾ ਕੇਸ ਸੁਲਝਾ ਕੇ ਗੰਨ ਹਾਊਸ ਤੋਂ ਹਥਿਆਰ ਚੋਰੀ ਕਰਨ ਵਾਲੇ ਤਿੰਨ ਜਣਿਆਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਪਾਸੋਂ ਹਥਿਆਰ ਬਰਾਮਦ ਕਰ ਲਏ ਹਨ।

ਐਸ ਐਸ ਪੀ ਧਰੁਮਨ ਐਚ ਨਿੰਬਾਲੇ ਨੇ ਦੱਸਿਆ ਕਿ ਕਸਬਾ ਖਡੂਰ ਸਾਹਿਬ ਵਿਖੇ 10 ਜਨਵਰੀ ਦੀ ਰਾਤ ਰਾਜਾ ਗੰਨ ਹਾਊਸ ਦੀ ਛੱਤ ਪਾੜ ਕੇ ਕੁਝ ਅਣਪਛਾਤੇ ਲੋਕਾਂ ਨੇ ਗੰਨ ਹਾਊਸ



ਵਿੱਚੋਂ 12 ਏਅਰ ਗੰਨਾਂ, ਇੱਕ ਏਅਰ ਪਿਸਟਲ ਤੇ ਵੱਖ-ਵੱਖ ਬੋਰ ਦੇ 2060 ਕਾਰਤੂਸ ਚੋਰੀ ਕਰ ਲਏ ਸਨ। ਇਸ ਬਾਰੇ ਥਾਣਾ ਗੋਇੰਦਵਾਲ ਵਿਖੇ ਅਣਪਛਾਤੇ ਵਿਅਕਤੀਆਂ ਖਿਲਾਫ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕੀਤੀ ਸੀ। ਉਨ੍ਹਾਂ ਦੱਸਿਆ ਕਿ ਡੀ ਐਸ ਪੀ ਗੋਇੰਦਵਾਲਵੱਲੋਂ ਵਿਗਿਆਨਕ ਤਕਨੀਕ ਨਾਲ ਉਕਤ ਦੋਸ਼ੀਆਂ ਨੂੰ ਫੜਨ ਵਿੱਚ ਸਫਲਤਾ ਹਾਸਲ ਕੀਤੀ ਗਈ ਹੈ। ਗੁਰਪਾਲ ਸਿੰਘ ਪੁੱਤਰ ਹਰਚਰਨ ਸਿੰਘ, ਨਵਦੀਪ ਸਿੰਘ ਉਰਫ ਨਵ ਪੁੱਤਰ ਮਨਜੀਤ ਸਿੰਘ, ਜਗਰੂਪ ਸਿੰਘ ਪੁੱਤਰ ਮਹਿੰਦਰ ਸਿੰਘ ਤਿੰਨੇ ਵਾਸੀ ਸੁਰਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਨ੍ਹਾਂ ਦੇ ਕਬਜ਼ੇ ਵਿੱਚੋਂ ਨੌਂ ਏਅਰ ਗੰਨਾਂ, 242 ਸਪਰਿੰਗ ਫੀਲਡ ਰਾਈਫਲ ਕਾਰਤੂਸ, 21 ਕਾਰਤੂਸ ਤੀਹ ਬੋਰ ਬਰਾਮਦ ਕੀਤੇ ਗਏ ਹਨ।

## ਮੋਟਰ ਸਾਈਕਲ ਸਵਾਰਾਂ ਵੱਲੋਂ ਸੈਰ ਕਰਦੇ ਨੌਜਵਾਨ ਦਾ ਕਤਲ

ਸੰਗਰੂਰ, 10 ਮਾਰਚ (ਪੋਸਟ ਬਿਊਰੋ)- ਇਸ ਜ਼ਿਲੇ ਦੇ ਪਿੰਡ ਬੀਬੜ ਵਿਖੇ ਰਾਤ ਮੋਟਰ ਸਾਈਕਲ ਸਵਾਰ ਦੋ ਜਣਿਆਂ ਨੇ ਪਿੰਡ ਵਿੱਚ ਸੈਰ ਕਰਦੇ ਇੱਕ ਨੌਜਵਾਨ ਦਾ ਤੇਜ਼ਧਾਰ ਹਥਿਆਰ ਨਾਲ ਗਲਾ ਵੱਢ ਕੇ ਕਤਲ ਕਰ ਦਿੱਤਾ ਹੈ।

ਇਸ ਬਾਰੇ ਪਿੰਡ ਵਾਸੀਆਂ ਨੇ ਦੱਸਿਆ ਕਿ ਗਰੀਬ ਪਰਵਾਰ ਨਾਲ ਸਬੰਧਤ ਗੁਰਬਾਜ਼ ਸਿੰਘ ਪੁੱਤਰ ਸਰਦਾਰਾ ਸਿੰਘ ਬੀਤੀ ਰਾਤ ਸੈਰ ਕਰ ਕੇ ਜਦੋਂ ਘਰ ਆ ਰਿਹਾ ਸੀ ਤਾਂ ਰਸਤੇ ਵਿੱਚ ਸਰਕਾਰੀ ਸਕੂਲ ਨੇੜੇ ਇੱਕ ਮੋਟਰ ਸਾਈਕਲ ਉਪਰ ਆਏ ਦੋ ਅਣਪਛਾਤਿਆਂ ਨੇ ਉਸ ਉਤੇ ਕਿਸੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰ ਦਿੱਤਾ। ਜ਼ਖਮੀ ਹਾਲਤ ਵਿੱਚ ਗੁਰਬਾਜ਼ ਸਿੰਘ ਸੜਕ ਉੱਤੇ ਡਿੱਗ ਪਿਆ ਤਾਂ ਹਮਲਾਵਰਾਂ ਨੇ ਆਪਣਾ ਮੋਟਰ ਸਾਈਕਲ ਰੋਕ ਲਿਆ ਅਤੇ ਪਿੱਛੇ ਬੈਠੇ ਵਿਅਕਤੀ ਨੇ ਹੇਠਾਂ ਉਤਰ ਕੇ ਗੁਰਬਾਜ਼ ਸਿੰਘ ਦੇ ਗਲ ਉਪਰ ਬਹੁਤ ਹੀ ਬੇਰਹਿਮੀ ਨਾਲ ਤੇਜ਼ਧਾਰ ਹਥਿਆਰ ਨਾਲ ਲਗਾਤਾਰ ਵਾਰ ਕਰ ਕੇ ਉਸ ਨੂੰ ਮਾਰ ਦਿੱਤਾ ਅਤੇ ਨਾਭਾ ਵਾਲੇ ਪਾਸੇ ਫਰਾਰ ਹੋ ਗਏ। ਗੁਰਪ੍ਰੀਤ ਸਿੰਘ ਐਸ ਪੀ ਸੰਗਰੂਰ ਤੇ ਸੁਖਰਾਜ ਸਿੰਘ ਘੁੰਮਣ ਡੀ ਐਸ ਪੀ ਭਵਾਨੀਗੜ੍ਹ ਦੀ ਅਗਵਾਈ ਹੇਠ ਪਹੁੰਚੀ ਜਾਂਚ ਵਿੱਚ ਜੁੱਟ ਗਈ ਹੈ।

## ਅਕਾਲੀ ਦਲ ਦੀ ਸੀਟ ਕਿਸੇ ਨੂੰ ਦਾਜ ਵਿੱਚ ਨਹੀਂ ਮਿਲੀ, ਖੇਮਕਰਨ ਤੋਂ ਮੈਂ ਹੀ ਚੋਣ ਲੜਾਂਗਾ: ਵਲਟੋਹਾ

ਤਰਨ ਤਾਰਨ, 10 ਮਾਰਚ (ਪੋਸਟ ਬਿਊਰੋ)- ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਅਤੇ ਸਾਬਕਾ ਵਿਧਾਇਕ ਪ੍ਰੋਫੈਸਰ ਵਿਰਸਾ ਸਿੰਘ ਵਲਟੋਹਾ ਨੇ ਕਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਸ਼ਹੀਦਾਂ ਦੀ ਪਾਰਟੀ ਹੈ, ਇਹ ਕਿਸੇ ਨੂੰ ਦਾਜ ਵਿੱਚ ਨਹੀਂ ਮਿਲੀ। ਵਿਧਾਨ ਸਭਾ ਚੋਣਾਂ ਵਿੱਚ ਟਿਕਟਾਂ ਦਾ ਫੈਸਲਾ ਪਾਰਟੀ ਪ੍ਰਧਾਨ ਨੇ ਕਰਨਾ ਹੈ। ਮੈਂ 2007 ਤੋਂ ਇਸ ਹਲਕੇ ਤੋਂ ਚੋਣਾਂ ਲੜਦਾ ਰਿਹਾ ਹਾਂ ਤੇ 2022 ਦੀਆਂ ਸਭਾ ਚੋਣਾਂ ਮੈਂ ਹੀ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਤੋਂ ਲੜਾਂਗਾ।

ਪ੍ਰੋਫੈਸਰ ਵਲਟੋਹਾ ਨੇ ਕਿਹਾ ਕਿ ਕਿਸੇ ਵੱਲੋਂ ਚੋਣ ਲੜਨ ਉੱਤੇ ਕੋਈ ਪਾਬੰਦੀ ਨਹੀਂ, ਆਦੇਸ਼ ਪ੍ਰਤਾਪ ਸਿੰਘ ਕੈਰੋਂ ਖੇਮਕਰਨ ਹਲਕੇ ਤੋਂ ਜਿਸ ਨੂੰ ਮਰਜ਼ੀ ਜਿਸ ਪਾਰਟੀ ਦੀ ਟਿਕਟ 'ਤੇ ਚੋਣ ਲੜਾ ਸਕਦੇ ਹਨ। ਉਨ੍ਹਾਂ ਕਿਹਾ ਕਿ 15 ਮਾਰਚ ਨੂੰ ਭਿੱਖੀਵਿੰਡ ਵਿਖੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੀ ਵਾਅਦਾ ਖਿਲਾਫੀ ਵਿਰੁੱਧ ਅਕਾਲੀ ਦਲ ਵੱਲੋਂ ਕੀਤੀ ਜਾ ਰਹੀ ਰੈਲੀ ਵਿੱਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਆਉਣਗੇ ਅਤੇ ਖੇਮਕਰਨ ਹਲਕੇ ਤੋਂ ਮੇਰੇਉਮੀਦਵਾਰ ਹੋਣ ਦਾ ਐਲਾਨ ਕਰਨਗੇ ਤੇ ਇਹ ਐਲਾਨ 2022 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਪਹਿਲੇ ਉਮੀਦਵਾਰ ਦਾ ਐਲਾਨ ਹੋਵੇਗਾ। ਉਨ੍ਹਾਂ ਕਿਹਾ ਕਿ ਪਾਰਟੀਆਂ ਵਫਾਦਾਰੀ ਨਾਲ ਚੱਲਦੀਆਂ ਹਨ ਤੇ ਮਿਹਨਤ ਕਰਨ ਦੇ ਨਾਲ



ਪਾਰਟੀ ਵਰਕਰਾਂ ਨਾਲ ਖੜੋਣਾ ਪੈਂਦਾ ਹੈ, ਜੋ ਪਾਰਟੀ ਤਏ ਬਾਦਲ ਪਰਵਾਰ ਨਾਲ ਵਫਾਦਾਰ ਨਹੀਂ, ਉਨ੍ਹਾਂ ਨੂੰ ਅਕਾਲੀ ਦਲ ਦੀ ਟਿਕਟ ਮੰਗਣ ਦਾ ਕੋਈ ਅਧਿਕਾਰ ਨਹੀਂ ਰਹਿ ਜਾਂਦਾ। ਉਨ੍ਹਾਂ ਕਿਹਾ ਕਿ ਮੈਂ ਪਿਛਲੇ ਵੀਹ ਸਾਲ ਤੋਂ ਇਸ ਤਰ੍ਹਾਂ ਦੀਆਂ ਹਰਕਤਾਂ ਦਾ ਸਾਹਮਣਾ ਕਰਦਾ ਰਿਹਾ ਹਾਂ ਅਤੇ ਹਰ ਵਾਰ ਵਿਰੋਧੀਆਂ ਨੂੰ ਮੂੰਹ ਦੀ ਖਾਣੀ ਪੈਂਦੀ ਹੈ।

ਇਸ ਤਰ੍ਹਾਂ ਦੇ ਗਰਮ ਮਿਜਾਜ ਵਿੱਚਪ੍ਰੋਫੈਸਰ ਵਲਟੋਹਾ ਦੇ ਦਿੱਤੀ ਪ੍ਰਤੀਕਿਰਿਆ ਸਾਫ ਕਰਦੀ ਹੈ ਕਿ ਖੇਮਕਰਨ ਹਲਕੇ ਦੀ ਪ੍ਰੋਫੈਸਰ ਵਲਟੋਹਾ ਦੀ ਟਿਕਟ ਕੱਟਣੀ ਏਨੀ ਸੁਖਾਲੀ ਨਹੀਂ, ਪਰ ਦੂਸਰੇ ਪਾਸੇ ਸਿਆਸਤ ਵਿੱਚ ਮਾਹਰ ਆਦੇਸ਼ਪ੍ਰਤਾਪ ਸਿੰਘ ਕੈਰੋਂ ਵੱਲੋਂ ਸੋਚ-ਸਮਝ ਕੇ ਖੇਮਕਰਨ ਹਲਕੇ ਤੋਂ ਆਪਣੇ ਪਰਵਾਰ ਦੇ ਕਿਸੇ ਇੱਕ ਮੈਂਬਰ ਦੇ ਚੋਣ ਲੜਨ ਦੇ ਐਲਾਨ ਨਾਲ ਪੰਜਾਬ ਦੀ ਸਿਆਸਤ ਵਿੱਚ ਵੱਡਾ ਸਿਆਸੀ ਭੂਚਾਲ ਲਿਆ ਸਕਦੇ ਹਨ।

## ਬਜਟ ਉੱਤੇ ਬਹਿਸ ਦੌਰਾਨ ਮਜੀਠੀਆ ਅਪਣੇ ਸ਼ਬਦਜਾਲ ਵਿੱਚ ਫਸੇ

ਚੰਡੀਗੜ੍ਹ, 10 ਮਾਰਚ (ਪੋਸਟ ਬਿਊਰੋ)- ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਪੰਜਾਬ ਵਿਧਾਨ ਸਭਾ ਵਿੱਚ ਬਜਟ ਉੱਤੇ ਬਹਿਸ ਦੌਰਾਨ ਆਪਣੇ ਸ਼ਬਦਜਾਲ ਵਿੱਚ ਫਸ ਗਏ। ਇਸ ਦੇ ਬਾਅਦ ਉਚੇਰੀ ਸਿੱਖਿਆ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਨਵੋਜਤ ਸਿੰਘ ਸਿੱਧੂ ਤੋਂ ਇਲਾਵਾ ਹੋਰ ਕਾਂਗਰਸੀ ਵਿਧਾਇਕਾਂ ਨੇ ਮਜੀਠੀਆ ਨੂੰ ਜਾਇਦਾਦਾਂ ਅਤੇ ਬੱਸਾਂ ਦੇ ਮਾਮਲੇ ਵਿੱਚ ਬੁਰੀ ਤਰ੍ਹਾਂ ਘੇਰ ਲਿਆ।

ਵਰਨਣ ਯੋਗ ਹੈ ਕਿ ਬਜਟ ਉੱਤੇ ਬਹਿਸ ਦੌਰਾਨ ਮਜੀਠੀਆ ਨੇ 'ਪੁੱਛੋ ਵੀ' ਸਿਰਲੇਖ ਹੇਠ ਕਵਿਤਾ ਨਾਲ ਸਰਕਾਰ ਤੋਂ ਪੁੱਛਿਆ ਕਿ ਬਜਟ ਵਿੱਚ ਕਿਸ ਚੀਜ਼ ਦੀ ਕੀਮਤ ਘਟਾਈ, ਲੋਕਾਂ ਦੇ ਨਾਂ ਉੱਤੇ ਲਿਆ ਕਰਜ਼ਾ ਕਿਥੇ ਗਿਆ ਹੈ? ਅਤੇ ਕਿਹਾ ਕਿ ਲੋਕ ਪੁੱਛਦੇ ਹਨ ਕਿ ਸਰਕਾਰ ਆਪਣੇ ਸੂਟਾਂ ਨੂੰ ਵੇਖੀ ਜਾਂਦੀ ਹੈ, ਪਰ ਕਿਸੇ ਗ਼ਰੀਬ ਦੀ ਪੁੱਛ ਨਹੀਂ ਕਿ ਉਸ ਦੇ ਕੱਪੜੇ ਕਿਉਂ ਫਟੇ ਹੋਏ ਹਨ। ਉਹ ਉਸ ਵੇਲੇ ਘਿਰ ਗਏ ਜਦੋਂ ਉਨ੍ਹਾਂ ਕਿਹਾ ਕਿ 'ਸਾਈਕਲ ਵਾਲੇ ਵਾਰਸ ਬਣ ਗਏ ਪਜੇਰੋ ਦੇ, ਇੰਨਾ ਪੈਸਾ ਕਿੱਥੋਂ ਆਇਆ ਪੁੱਛੋ ਵੀ'।ਇਸ ਉੱਤੇਹਾਕਮ ਧਿਰ ਦੇ ਵਿਧਾਇਕਾਂ ਤੇ ਮੰਤਰੀਆਂ ਨੇ



ਸ਼ੋਰ ਸ਼ਰਾਬਾ ਸ਼ੁਰੂ ਕਰ ਦਿੱਤਾ ਅਤੇ ਸਭ ਤੋਂ ਪਹਿਲਾਂ ਚਰਨਜੀਤ ਸਿੰਘ ਚੰਨੀ ਨੇ ਬਾਦਲ ਪ੍ਰਵਾਰ ਦਾ ਨਾਂ ਲਏ ਬਗ਼ੈਰ ਪੁੱਛਿਆ ਕਿ ਅੱਜ ਸਮੁੱਚਾ ਪੰਜਾਬ ਪੁੱਛਦਾ ਹੈ ਕਿ ਉਨ੍ਹਾਂ ਕੋਲ ਇੰਨਾ ਪੈਸਾ ਕਿੱਥੋਂ ਆਇਆ, ਪਹਿਲਾਂ ਇਸ ਗੱਲ ਦਾ ਖੁਲਾਸਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪਹਿਲਾਂ ਮਜੀਠੀਆ ਇਹ ਦੱਸਣ ਕਿ 1100 ਬੱਸਾਂ ਕਿੱਥੋਂ ਆਈਆਂ?ਇਸ ਨਾਲ ਨਵਜੋਤ ਸਿੰਘ ਸਿੱਧੂ ਖੜੇ ਹੋ ਗਏ ਤੇ ਉਨ੍ਹਾਂ ਸਿੱਧੇ ਤੌਰ ਉੱਤੇ ਪੁੱਛਿਆ, ''ਟੁੱਟੀ ਕੁਆਲਿਸ ਗੱਡੀ ਤੋਂ ਛੇ ਰੇਂਜ ਰੋਵਰ ਬੇਸ਼ਕੀਮਤੀ ਗੱਡੀਆਂ ਕਿੱਥੋਂ ਆ ਗਈਆਂ? ਡੱਬਵਾਲੀ ਕੰਪਨੀ ਕੋਲ 1600 ਬੱਸਾਂ ਕਿਵੇਂ ਬਣੀਆਂ, ਅਮਰੀਕਾ ਵਿੱਚ ਪਾਰਕਿੰਗ ਲੌਟ ਕਿੱਥੋਂ ਆਇਆ। ਸਿੱਧੂ ਨੇ ਸੁਆਲ ਕੀਤਾ ਕਿ ਲੋਕਾਂ ਦੇ ਦੁੱਖਾਂ ਉੱਤੇ ਬਣਾਇਆ ਹੋਟਲ ਸੁਖ ਵਿਲਾਸ ਕਿਵੇਂ ਬਣਿਆ।

ਨਵਜੋਤ ਸਿੰਘ ਸਿੱਧੂ ਤੋਂ ਇਲਾਵਾ ਹੋਰ ਕਾਂਗਰਸੀ ਵਿਧਾਇਕਾਂ ਨੇ ਕਿਹਾ ਕਿ ਮਜੀਠੀਆ ਏਥੇ ਸਰਕਾਰ ਤੋਂ ਗ਼ਲਤ ਸਵਾਲ ਕਰ ਰਹੇ ਹਨ, ਅਸਲ ਵਿੱਚ ਪੰਜਾਬ ਦੇ ਲੋਕ ਅਕਾਲੀ ਦਲ ਤੋਂ ਇਹੋ ਸਵਾਲ ਕਰ ਰਹੇ ਹਨ ਕਿ ਇੰਨਾ ਕੁਝ ਕਿਵੇਂ ਬਣਾਇਆ? ਕਾਂਗਰਸੀ ਵਿਧਾਇਕਾਂ ਵੱਲੋਂ ਸ਼ੋਰ ਸ਼ਰਾਬੇ ਹੇਠ ਮਜੀਠੀਆ ਨੇ ਆਪਣਾ ਭਾਸ਼ਣ ਖ਼ਤਮ ਕਰ ਦਿੱਤਾ। ਇਸ ਤੋਂ ਪਹਿਲਾਂ ਮੀਜੀਠੀਆ ਨੇ ਕਿਹਾ ਕਿ ਪਿਛਲੀਆਂ ਚੋਣਾਂ ਵਿੱਚ ਮੁਲਾਜ਼ਮਾਂ, ਕਿਸਾਨਾਂ, ਵਿਦਿਆਰਥੀਆਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ ਤੇ ਜਦੋਂ ਬਜਟ ਦੀ ਗੱਲ ਆਉਂਦੀ ਹੈ ਤਾਂ ਸਰਕਾਰ ਕੇਂਦਰ ਤੋਂ ਜੀ ਐਸ ਟੀ ਰਿਫ਼ੰਡ ਅਤੇ ਹੋਰ ਵਿੱਤੀ ਮਦਦ ਦਾ ਹਵਾਲਾ ਦੇ ਕੇ ਪੱਲਾ ਝਾੜਦੀ ਹੈ। ਇਸੇ ਉੱਤੇ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਅਸਲ ਵਿੱਚ ਅਕਾਲੀ ਦਲ ਉਂਗਲ ਨੂੰ ਲਹੂ ਲਾ ਕੇ ਸ਼ਹੀਦ ਹੋਣ ਦਾ ਨਾਟਕ ਕਰ ਰਿਹਾ ਹੈ। ਇਸ ਤੋਂ ਪਹਿਲਾਂ ਤਿੰਨੇ ਖੇਤੀ ਬਿੱਲ ਤੇ ਹੋਰ ਕਾਰਗੁਜ਼ਾਰੀਆਂ ਵਿੱਚ ਅਕਾਲੀ ਦਲ ਕੇਂਦਰ ਦੇ ਨਾਲ ਰਿਹਾ ਤੇ ਪੰਜਾਬ ਦੇ ਹਿੱਤਾਂ ਦੀ ਅਣਦੇਖੀ ਕੀਤੀ ਸੀ, ਪਰ ਜਦੋਂ ਪੰਜਾਬ ਦੇ ਲੋਕਾਂ ਨੇ ਦਬਾਅ ਬਣਾਇਆ ਤਾਂ ਹਰਸਿਮਰਤ ਕੌਰ ਬਾਦਲ ਨੂੰ ਮਜ਼ਬੂਰੀ ਵਿੱਚ ਅਸਤੀਫ਼ਾ ਦਣਾ ਤੇ ਐਨ ਡੀ ਏ ਦਾ ਸਾਥ ਛੱਡਣਾ ਪਿਆ।

# ਕੇਜਰੀਵਾਲ ਸਰਕਾਰ ਵੱਲੋਂ ਦਿੱਲੀ ਵਾਸੀਆਂ ਨੂੰ ਕੋਰੋਨਾ ਵੈਕਸੀਨ ਮੁਫ਼ਤ ਦੇਣ ਦਾ ਐਲਾਨ

ਨਵੀਂ ਦਿੱਲੀ, 10 ਮਾਰਚ (ਪੋਸਟ ਬਿਊਰੋ)- ਦਿੱਲੀ ਦੇ ਡਿਪਟੀ ਮੁੱਖ ਮੰਤਰੀ ਅਤੇ ਖਜ਼ਾਨਾ ਮੰਤਰੀ ਮਨੀਸ਼ ਸਿਸੋਦੀਆ ਨੇ ਕੱਲ੍ਹ ਵਿਧਾਨ ਸਭਾ ਵਿੱਚ ਸਾਲ 2021-22 ਦਾ ਬਜਟ ਪੇਸ਼ ਕੀਤਾ ਅਤੇ ਦੇਸ਼ ਭਗਤੀ ਦੇ ਥੀਮ ਉੱਤੇ ਆਧਾਰਤ ਬੱਜਟ ਪਹਿਲੀ ਵਾਰ ਪੇਸ਼ ਕਰਦੇ ਹੋਏ ਕਿਹਾ ਕਿ ਇਹ ਅੱਜ ਤੱਕ ਦਾ ਦਿੱਲੀ ਦਾ ਸਭ ਤੋਂ ਵੱਡਾ ਬਜਟ ਹੈ।




ਮਨੀਸ਼ ਸਿਸੋਦੀਆ ਨੇ ਦੱਸਿਆ ਕਿ ਦਿੱਲੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਉਹ ਦਿੱਲੀ ਦੇ ਲੋਕਾਂ ਨੂੰ ਸਰਕਾਰੀ ਹਸਪਤਾਲਾਂ ਵਿੱਚ ਕੋਰੋਨਾ ਵੈਕਸੀਨ ਮੁਫ਼ਤ ਲਾਏਗੀ। ਇਸ ਕੰਮ ਲਈ 50 ਕਰੋੜ ਰੁਪਏ ਬਜਟ ਅਲਾਟ ਕੀਤਾ ਗਿਆ ਹੈ। ਇਸ ਦੇ ਨਾਲ ਅਗਲੇ ਸਾਲ ਦਿੱਲੀ ਵਿੱਚਔਰਤਾਂ ਲਈ 100 ਵਿਸ਼ੇਸ਼ ਮੁਹੱਲਾ ਕਲੀਨਿਕ ਖੋਲ੍ਹੇ ਜਾਣਗੇ ਅਤੇ ਹਰ ਕਿਸੇ ਨੂੰ ਹੈਲਥ ਕਾਰਡ ਮਿਲੇਗਾ।ਉਨ੍ਹਾਂ ਦੱਸਿਆ ਕਿ ਸਿੱਖਿਆ ਖੇਤਰ ਲਈ 16377 ਕਰੋੜ ਰੁਪਏ ਬਜਟ ਵਿੱਚ ਰੱਖੇ ਹਨ। ਮਨੀਸ਼ ਸਿਸੋਦੀਆ ਨੇ ਇਸ ਮੌਕੇ ਦਿੱਲੀ ਵਿੱਚਦਿੱਲੀ ਸਰਕਾਰ ਦਾ ਆਪਣਾ ਪਹਿਲਾ ਸੈਨਿਕ ਸਕੂਲ ਖੋਲ੍ਹਣ ਦਾ ਐਲਾਨ ਵੀ ਕੀਤਾ।ਇਸ ਤੋਂ ਇਲਾਵਾ ਦਿੱਲੀ ਆਰਮਡ ਫੋਰਸਜ਼ ਪ੍ਰੈਪਰੇਟਰੀ ਅਕਾਦਮੀ ਖੋਲ੍ਹੀ ਜਾਵੇਗੀ, ਜਿੱਥੇ ਦਿੱਲੀ ਦੇ ਬੱਚਿਆਂ ਨੂੰ ਐਨ ਡੀ ਏ ਦੀ ਕੋਚਿੰਗ ਦਿੱਤੀ ਜਾਵੇਗੀ। ਦਿੱਲੀ ਸਰਕਾਰ ਏਥੇ ਭਾਰਤ ਦੀ ਪਹਿਲੀ ਅਧਿਆਪਕ ਯੂਨੀਵਰਸਿਟੀ ਖੋਲ੍ਹੇਗੀ, ਜਿੱਥੇ ਦੇਸ਼ ਅਤੇ ਦੁਨੀਆ ਦੇ ਬੇਹਤਰੀਨ ਟੀਚਰਪੈਦਾ ਕੀਤੇ ਜਾ ਸਕਣਗੇ। ਉਨ੍ਹਾਂ ਕਿਹਾ ਕਿ ਦਿੱਲੀ ਵਿੱਚ ਵਰਚੁਅਲ ਮਾਡਲ ਸਕੂਲ ਦੀ ਸ਼ੁਰੂਆਤ ਹੋਏਗੀ, ਜਿਹੜਾ ਦੁਨੀਆ ਵਿੱਚ ਆਪਣੀ ਤਰ੍ਹਾਂ ਦਾ ਪਹਿਲਾ ਸਕੂਲ ਹੋਏਗਾ, ਜਿਸ ਦੀ ਕੋਈ ਚਾਰਦੀਵਾਰੀ ਨਹੀਂ ਹੋਏਗੀ ਤੇ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਬੈਠ ਕੇ ਤੁਸੀਂ ਦਿੱਲੀ ਦੇ ਸਿੱਖਿਆ ਮਾਡਲ ਦਾ ਫਾਇਦਾ ਲੈ ਸਕੋਗੇ।

ਇਸ ਮੌਕੇ ਮੁਨੀਸ਼ ਸਿਸੋਦੀਆ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਦਿੱਲੀ ਸਰਕਾਰ ਵੱਲੋਂ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਮੌਕੇ 12 ਮਾਰਚ ਤੋਂ 75 ਹਫ਼ਤਿਆਂ ਤੱਕ ਵੱਖ-ਵੱਖ ਪ੍ਰੋਗਰਾਮ ਕਰਵਾਏ ਜਾਣਗੇ ਤੇ 75ਵੇਂ ਹਫ਼ਤੇ ਦੌਰਾਨ ਭਗਤ ਸਿੰਘ ਦੀ ਜੀਵਨੀ ਉੱਤੇ ਆਧਾਰਤ ਪ੍ਰੋਗਰਾਮਾਂ ਲਈ ਬਜਟ ਵਿੱਚ 10 ਕਰੋੜ ਰੁਪਏ ਰੱਖੇ ਗਏ ਹਨ। ਉਨ੍ਹਾ ਦੱਸਿਆ ਕਿ ਦਿੱਲੀ ਵਿੱਚਆਜ਼ਾਦੀ ਦੀ 75ਵੀਂ ਵਰ੍ਹੇਗੰਢ ਬਾਰੇ 500 ਥਾਵਾਂ ਉੱਤੇ ਉਚੇ ਥੰਮ੍ਹ ਸਥਾਪਤ ਕਰਕੇ ਕੌਮੀ ਝੰਡੇ ਲਹਿਰਾਏ ਜਾਣਗੇ, ਜਿਸ ਵਾਸਤੇ ਬਜਟ ਵਿੱਚ 45 ਕਰੋੜ ਰੁਪਏ ਰੱਖੇ ਹਨ।ਸਿਸੋਦੀਆ ਨੇ ਕਿਹਾ ਕਿ ਦਿੱਲੀ ਸਰਕਾਰ ਦਾ ਸੁਪਨਾ ਦਿੱਲੀ ਵਿੱਚ ਉਲਪਿੰਕ ਖੇਡਾਂ ਦੀ ਮੇਜ਼ਬਾਨੀ ਕਰਨ ਦਾ ਹੈ। ਉਨ੍ਹਾਂ ਕਿਹਾ ਕਿ ਅਸੀਂ ਇਸ ਲਈ ਤਿਆਰੀ ਸ਼ੁਰੂ ਕਰ ਦਿੱਤੀ ਹੈ ਤਾਂ ਜੋ ਭਵਿੱਖ ਵਿੱਚ ਦਿੱਲੀ ਨੂੰ ਉਲਪਿੰਕ ਖੇਡਾਂ ਕਰਵਾਉਣ ਦਾ ਮੌਕਾ ਮਿਲ ਸਕੇ। ਉਨ੍ਹਾਂ ਕਿਹਾ ਕਿ ਦਿੱਲੀ ਦੇ ਸਕੂਲਾਂ ਵਿੱਚ ਦੇਸ਼ ਭਗਤੀ ਦੀ ਪੜ੍ਹਾਈ ਸ਼ੁਰੂ ਹੋਏਗੀ, ਜਿਸ ਵਿੱਚ ਦੇਸ਼ ਭਗਤੀ ਦਾ ਇੱਕ ਪੀਰੀਅਡ ਸ਼ੁਰੂ ਹੋਵੇਗਾ, ਜਿਸਦੌਰਾਨ ਬੱਚਿਆਂ ਨੂੰ ਚੰਗੇ ਨਾਗਰਿਕ ਦੇ ਫਰਜ਼ਾਂ ਪ੍ਰਤੀ ਸਿਖਲਾਈ ਅਤੇ ਪ੍ਰੇਰਨਾ ਦਿੱਤੀ ਜਾਵੇਗੀ।

## ਚੋਣਾਂ ਦੌਰਾਨ 'ਜੈ ਸ਼੍ਰੀ ਰਾਮ' ਦੇ ਨਾਅਰੇ ਉੱਤੇ ਰੋਕ ਲਾਉਣ ਤੋਂ ਸੁਪਰੀਮ ਕੋਰਟ ਦਾਇਨਕਾਰ

ਨਵੀਂ ਦਿੱਲੀ, 10 ਮਾਰਚ (ਪੋਸਟ ਬਿਊਰੋ)- ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਨੂੰ ਕੱਲ੍ਹ ਸੁਪਰੀਮ ਕੋਰਟ ਤੋਂ ਦੋ ਕੇਸਾਂ ਵਿੱਚ ਜਿੱਤ ਨਸੀਬ ਹੋ ਗਈ।ਇੱਕ ਪਾਸੇ ਕੋਰਟ ਨੇ ਚੋਣ ਮੁਹਿੰਮ ਵਿੱਚ 'ਜੈ ਸ਼੍ਰੀਰਾਮ'ਦਾ ਨਾਅਰਾ ਲਾਏ ਜਾਣ ਦੇ ਖ਼ਿਲਾਫ਼ ਦਾਇਰ ਪਟੀਸ਼ਨ ਰੱਦ ਕਰ ਦਿੱਤੀ ਤਾਂ ਇੱਕ ਹੋਰ ਕੇਸ ਵਿੱਚ ਭਾਜਪਾ ਦੇ ਡੇਰਬਾ ਤੋਂ ਉਮੀਦਵਾਰ ਸਾਬਕਾ ਆਈ ਪੀ ਐਸ ਅਫਸਰ ਭਾਰਤੀ ਘੋਸ਼ ਦੇ ਖ਼ਿਲਾਫ਼ ਜਾਰੀ ਗ੍ਰਿਫ਼ਤਾਰੀ ਵਾਰੰਟ ਉੱਤੇ ਸਟੇਅ ਲਾ ਦਿੱਤਾ।

ਸੁਪਰੀਮ ਕੋਰਟ ਦੇ ਵਕੀਲ ਮਨੋਹਰ ਲਾਲ ਸ਼ਰਮਾ ਵੱਲੋਂ ਦਾਇਰ ਪਟਸ਼ੀਨ ਵਿੱਚ ਕਿਹਾ ਗਿਆ ਸੀ ਕਿ ਧਾਰਮਿਕ ਨਾਅਰੇ ਦੀ ਵਰਤੋਂ ਲੋਕ ਪ੍ਰਤੀਨਿਧਤਾ ਕਾਨੂੰਨ ਦੀ ਧਾਰਾ 123(3) ਅਤੇ 125 ਤਹਿਤ ਅਪਰਾਧ ਹੈ। ਇਨ੍ਹਾਂ ਅਨੁਸਾਰ ਕਿਸੇ ਵੀ ਉਮੀਦਵਾਰ ਜਾਂ ਚੋਣ ਪ੍ਰਕਿਰਿਆ ਨਾਲ ਜੁੜੇ ਕਿਸੇ ਸ਼ਖਸ ਨੂੰ ਧਰਮ, ਜਾਤ, ਭਾਈਚਾਰੇ ਜਾਂ ਭਾਸ਼ਾ ਦੇ ਨਾਂ ਉੱਤੇਲੋਕਾਂ ਦੀਆਂ ਭਾਵਨਾਵਾਂ ਭੜਕਾਉਣ ਦੀ ਇਜਾਜ਼ਤ ਨਹੀਂ ਹੈ। ਇਸ ਪਟੀਸ਼ਨ ਵਿੱਚ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਭਾਜਪਾ ਨੇਤਾ ਸ਼ੁਭੇਂਦੂ ਅਧਿਕਾਰੀ ਦਾ ਨਾਂ ਲੈ ਕੇ ਮੰਗ ਕੀਤੀ ਗਈ ਸੀ ਕਿ ਸੀ ਬੀ ਆਈ ਉਨ੍ਹਾਂ ਖ਼ਿਲਾਫ਼ ਕੇਸ ਦਰਜ ਕਰੇ ਅਤੇ ਨਾਲ ਹੀ ਸਿਆਸੀ ਪਾਰਟੀ ਨੂੰ ਧਾਰਮਿਕ ਨਾਅਰੇ ਦੀ ਵਰਤੋਂ ਕਰਨ ਰੋਕਣ ਦੀ ਮੰਗ ਕੀਤੀ ਗਈ ਸੀ।

ਚੀਫ ਜਸਟਿਸ ਐਸ ਏ ਬੋਬੜੇ ਦੀ ਅਗਵਾਈ ਵਿੱਚ ਤਿੰਨ ਜੱਜਾਂ ਦੀ ਬੈਂਚ ਨੇ ਪਟੀਸ਼ਨ ਰੱਦ ਕਰ ਕੇ ਪਟੀਸ਼ਨਰ ਨੂੰ ਪਹਿਲਾਂ ਇਸ ਦੇ ਲਈ ਹਾਈ ਕੋਰਟ ਜਾਣ ਲਈ ਕਿਹਾ। ਇਸ ਪਟੀਸ਼ਨ ਵਿੱਚ ਪੱਛਮੀ ਬੰਗਾਲ ਵਿੱਚ ਅੱਠ ਗੇੜ ਵਿੱਚ ਚੋਣਾਂ ਕਰਵਾਉਣ ਦੇ ਚੋਣ ਕਮਿਸ਼ਨ ਦੇ ਫੈਸਲੇ ਉੱਤੇ ਵੀ ਸਵਾਲ ਚੁੱਕਿਆ ਗਿਆ ਸੀ। ਸ਼ਰਮਾ ਨੇ ਪਟੀਸ਼ਨ ਵਿੱਚ ਕਿਹਾ ਕਿ ਦੂਜੇ ਰਾਜਾਂ ਵਿੱਚ ਇੱਕੋ ਪੜਾਅ ਵਿੱਚ ਚੋਣਾਂ ਹੋ ਰਹੀਆਂ ਹਨ, ਪਰ ਪੱਛਮੀ ਬੰਗਾਲ ਵਿੱਚ ਇਹ ਅੱਠ ਗੇੜ ਵਿੱਚ ਕਰਵਾਈਆਂ ਜਾਂ ਰਹੀਆਂ ਹਨ, ਜਦੋਂ ਕਿ ਇਹ ਕੋਈ ਅੱਤਵਾਦੀ ਹਮਲੇ ਨਹੀਂ ਝੱਲ ਰਿਹਾ ਅਤੇ ਨਾ ਗੜਬੜ ਵਾਲਾ ਖੇਤਰ ਹੈ। ਇਹ ਭਾਰਤੀ ਸੰਵਿਧਾਨ ਦੀ ਧਾਰਾ-14 (ਸਮਾਨਤਾ ਦਾ ਅਧਿਕਾਰ) ਦੀ ਉਲੰਘਣਾ ਹੈ। ਜਦੋਂ ਸ਼ਰਮਾ ਨੇ ਇਸ ਉੱਤੇ ਬਹਿਸ ਕਰਨੀ ਚਾਹੀ ਤਾਂ ਬੈਂਚ ਨੇ ਕਿਹਾ ਕਿ ਤੁਹਾਡੀ ਪਟੀਸ਼ਨ ਪੜ੍ਹ ਲਈ ਹੈ, ਅਸੀਂ ਇਸ ਨੂੰ ਨਹੀਂ ਸੁਣਾਂਗੇ। ਪਟੀਸ਼ਨ ਰੱਦ ਕੀਤੀ ਜਾਂਦੀ ਹੈ।

## ਮਹਿਲਾ ਦਿਵਸ ਬਾਰੇ ਸਮਾਗਮ ਦੌਰਾਨ ਨੌਦੀਪ ਕੌਰ ਦੀ ਖਿੱਚ-ਧੂਹ



ਗਾਜ਼ੀਪੁਰ (ਗਾਜ਼ੀਆਬਾਦ), 10 ਮਾਰਚ (ਪੋਸਟ ਬਿਊਰੋ)- ਮਹਿਲਾ ਦਿਵਸ ਮਨਾਉਣ ਦੇ ਲਈ ਦਿੱਲੀ ਯੂਨੀਵਰਸਿਟੀ ਦੇ ਆਰਟਸ ਫੈਕਲਟੀ ਵਿੱਚ ਕਰਵਾਏ ਗਏ ਪ੍ਰੋਗਰਾਮ ਦੌਰਾਨ ਕੱਲ੍ਹ ਭਗਤ ਸਿੰਘ ਛਾਤਰ (ਵਿਦਿਆਰਥੀ) ਮੰਚ (ਬੀ ਐਸ ਸੀ ਐਮ) ਅਤੇ ਭਾਜਪਾ ਪੱਖੀ ਏ ਬੀ ਵੀ ਪੀ ਦੇ ਸਮਰਥਕਾਂ ਦਾ ਝਗੜਾ ਹੋ ਗਿਆ।

ਪਤਾ ਲੱਗਾ ਹੈ ਕਿ ਮੰਚ ਵੱਲੋਂ ਦਲਿਤ ਅਤੇ ਮਜ਼ਦੂਰ ਔਰਤਾਂ ਦੀ ਦੁਰਦਸ਼ਾ ਬਾਰੇ ਸੈਮੀਨਾਰ ਕਰਵਾਇਆ ਜਾ ਰਿਹਾ ਸੀ, ਜਿਸ ਵਿੱਚ ਦਲਿਤ ਕਾਰਕੁਨ ਨੌਦੀਪ ਕੌਰ, ਉਸ ਦੀ ਭੈਣ ਰਾਜਬੀਰ ਕੌਰ ਅਤੇ ਗੁੜ ਮੰਡੀ ਅਤੇ ਬੁਟਾਣਾ ਕੇਸ ਅਤੇ ਬਲਾਤਕਾਰ ਪੀੜਤਾਂ ਦੇ ਕਈ ਪਰਵਾਰਕ ਮੈਂਬਰਾਂ ਨੂੰ ਬੁਲਾਇਆ ਗਿਆ ਸੀ। ਨੌਦੀਪ ਕੌਰ ਦੇ ਬੋਲਣ ਤੋਂ ਪਹਿਲਾਂ ਡੂਸੂ (ਦਿੱਲੀ ਯੂਨੀਵਰਸਿਟੀ ਵਿਦਿਆਰਥੀ ਯੂਨੀਅਨ) ਦੀ ਜੁਆਇੰਟ ਸਕੱਤਰ ਸ਼ਿਵਾਂਗੀ ਖਰਵਾਲ ਦੀ ਅਗਵਾਈ ਵਿੱਚ ਏ ਬੀ ਵੀ ਪੀ ਸਮਰਥਕਾਂ ਨੇ ਉਨ੍ਹਾਂ ਦਾ ਪ੍ਰੋਗਰਾਮ ਰੋਕ ਦਿੱਤਾ। ਕੁਝ ਸਮਾਂ ਬਹਿਸ ਕਰਨ ਮਗਰੋਂ ਝਗੜਾ ਸ਼ੁਰੂ ਹੋ ਗਿਆ ਤੇ ਨੌਦੀਪ ਕੌਰ ਨਾਲ ਖਿੱਚ ਧੂਹ ਕੀਤੀ ਗਈ। ਇਸ ਮੌਕੇ ਮੌਜੂਦ ਕਿਸਾਨ ਮੋਰਚਾ ਲੀਗਲ ਸੈਲ ਦੇ ਮੈਂਬਰ ਵਾਸੂ ਕੁਕਰੇਜਾ ਦੇ ਵੀ ਸੱਟਾਂ ਲੱਗੀਆਂ। ਦੋਵਾਂ ਧਿਰਾਂ ਨੇ ਇੱਕ ਦੂਜੇ ਉੱਤੇ ਝਗੜਾ ਸ਼ੁਰੂ ਕਰਨ ਦੇ ਦੋਸ਼ ਲਾਏ ਹਨ।

# ਕਾਲ ਸੈਂਟਰ ਦੇ ਮੁਲਾਜ਼ਮਾਂ ਵੱਲੋਂ ਕਸਟਮ ਅਧਿਕਾਰੀ ਬਣਕੇ ਠੱਗੀ

ਗੁੜਗਾਓਂ, 10 ਮਾਰਚ (ਪੋਸਟ ਬਿਊਰੋ)- ਕਸਟਮ ਅਧਿਕਰੀ ਬਣ ਕੇ ਅਮਰੀਕਾ ਦੇ ਨਾਗਰਿਕਾਂ ਨਾਲ ਠੱਗੀ ਕਰਨ ਵਾਲੇ ਕਾਲ ਸੈਂਟਰ ਦੇ ਉਦਯੋਗ ਵਿਹਾਰ ਥਾਣਾ ਪੁਲਸ ਨੇ ਪਰਦਾ ਫਾਸ਼ ਕੀਤਾ ਹੈ।

ਪਤਾ ਲੱਗਾ ਹੈ ਕਿ ਇਹ ਕਾਲ ਸੈਂਟਰ ਇੱਕ ਮਹੀਨੇ ਤੋਂ ਚੱਲ ਰਿਹਾ ਸੀ ਅਤੇ ਉਥੇ 35 ਲੜਕੇ-ਲੜਕੀਆਂ ਕੰਮ ਕਰ ਰਹੇ ਸਨ। ਦੋਸ਼ੀ ਅਮਰੀਕਾ ਦੇ ਨਾਗਰਿਕਾਂ ਨੂੰ ਕਸਟਮ ਅਫਸਰ ਬਣਕੇ ਉਨ੍ਹਾਂ ਨੂੰ ਵੱਖ-ਵੱਖ ਢੰਗਾਂ ਨਾਲ ਧਮਕਾਉਂਦੇ ਸਨ ਅਤੇ ਉਨ੍ਹਾਂ ਦਾ ਸੋਸ਼ਲ ਸਿਕਿਓਰਿਟੀ ਨੰਬਰ (ਐਸ ਐਸ ਐਨ) ਬੰਦ ਕਰਨ ਦੀ ਧਮਕੀ ਦਿੰਦੇ ਸਨ। ਇਸ ਦੇ ਬਾਅਦ ਲੋਕ ਡਰ ਜਾਂਦੇ ਅਤੇ ਇਹ ਉਨ੍ਹਾਂ ਤੋਂ ਤਿੰਨ ਤੋਂ ਪੰਜ ਹਜ਼ਾਰ ਡਾਲਰ ਤੱਕ ਗਿਫਟ ਕਾਰਡ ਦੇ ਰਾਹੀਂ ਰੁਪਏ ਵਸੂਲਦੇ ਸਨ। ਪੁਲਸ ਨੇ ਮੌਕੇ ਉੱਤੇ ਟੀਮ ਲੀਡਰ ਨੂੰ ਗ੍ਰਿਫਤਾਰ ਕੀਤਾ ਹੈ, ਜਦ ਕਿ ਕਾਲ ਸੈਂਟਰ




ਦਾ ਮਾਲਕ ਅਜੇ ਫਰਾਰ ਹੈ।ਉਦਯੋਗ ਵਿਹਾਰ ਥਾਣਾ ਇੰਚਾਰਜ ਸਤਬੀਰ ਨੇ ਦੱਸਿਆ ਕਿ ਉਨ੍ਹਾਂ ਨੂੰ ਫਰਜ਼ੀ ਕਾਲ ਸੈਂਟਰ ਦੀ ਜਾਣਕਾਰੀ ਮਿਲੀ ਤਾਂ ਟੀਮ ਬਣਾ ਕੇ ਉਹ ਉਦਯੋਗ ਵਿਹਾਰ ਫੇਜ਼-ਪੰਜ ਦੇ ਪਲਾਟ ਨੰਬਰ 750 ਦੀ ਤੀਸਰੀ ਮੰਜ਼ਿਲ ਉੱਤੇ ਚਲਦੇ ਕਾਲ ਸੈਂਟਰ ਵਿਖੇ ਗਏ। ਉਥੇ ਜਾ ਕੇ ਦੇਖਿਆ ਤਾਂ 35 ਲੜਕੇ ਅਤੇ ਲੜਕੀਆਂ ਕੰਪਿਊਟਰ ਸਾਹਮਣੇ ਬੈਠ ਕੇ ਅਮਰੀਕਾ ਦੇ ਲੋਕਾਂ ਨਾਲ ਅੰਗਰੇਜ਼ੀ ਵਿੱਚ ਗੱਲਾਂ ਕਰ ਰਹੇ ਸਨ। ਮੌਕੇ ਉੱਤੇ ਟੀਮ ਲੀਡਰ ਰਣਜੀਤ ਸਿੰਘ ਰਾਣਾ ਮਿਲਿਆ ਅਤੇ ਉਸ ਤੋਂ ਕਾਲ ਸੈਂਟਰ ਦੇ ਲਾਇਸੈਂਸ ਬਾਰੇ ਪੁੱਛਿਆ ਤਾਂ ਉਨ੍ਹਾਂ ਕੋਲ ਕਾਲ ਸੈਂਟਰ ਚਲਾਉਣ ਦਾ ਕੋਈ ਦਸਤਾਵੇਜ਼ ਨਹੀਂ ਮਿ- ਲਆ। ਪੁਲਸ ਨੇ ਕਾਲ ਸੈਂਟਰ ਵਿੱਚ ਕੰਮ ਕਰਦੇ ਲੜਕੇ-ਲੜਕੀਆਂ ਨੂੰ ਪੁੱਛਗਿੱਛ ਦੇ ਬਾਅਦ ਛੱਡ ਦਿੱਤਾ। ਕਾਲ ਸੈਂਟਰ ਦਾ ਟੀਮ ਲੀਡਰ ਉਦੈਪੁਰ ਦੇ ਰਣਜੀਤ ਸਿੰਘ ਰਾਣਾ ਨੂੰ ਗ੍ਰਿਫਤਾਰ ਕਰ ਲਿਆ, ਪਰ ਕਾਲ ਸੈਂਟਰ ਦਾ ਮਾਲਕ ਅਹਿਮਦਾਬਾਦ ਵਾਸੀ ਫਰਾਰ ਹੈ।

ਉਦਯੋਗ ਵਿਹਾਰ ਥਾਣਾ ਇੰਚਾਰਜ ਸਤਬੀਰ ਸਿੰਘ ਨੇ ਦੱਸਿਆ ਕਿ ਦੋਸ਼ੀ ਅਮਰੀਕਾ ਦੇ ਲੋਕਾਂ ਨੂੰ ਫੋਨ ਕਰਦੇਅਤੇ ਖੁਦ ਕਸਟਮ ਵਿਭਾਗ ਦਾ ਅਧਿਕਾਰੀ ਦੱਸ ਕੇ ਗੱਲ ਕਰਦੇ ਤੇ ਉਨ੍ਹਾਂ ਨੂੰ ਦੱਸਦੇ ਕਿ ਕਸਟਮ ਵਿਭਾਗ ਨੂੰ ਉਨ੍ਹਾਂ ਦੇ ਨਾਂਅ ਤੋਂ ਇੱਕ ਪਾਰਸਲ ਪ੍ਰਾਪਤ ਹੋਇਆ ਹੈ, ਜਿਸ ਵਿੱਚ ਡਰੱਗਸ ਅਤੇ ਨਾਜਾਇਜ਼ ਸ਼ਰਾਬ ਹੈ, ਇਹ ਗੈਰ ਕਾਨੂੰਨੀ ਹੈ।

## ਅਲ ਬਦਰ ਦਾ ਚੀਫ ਕਮਾਂਡਰ ਸਿਕੰਦਰ ਮੁਕਾਬਲੇ 'ਚ ਮਾਰਿਆ ਗਿਆ

ਸ੍ਰੀਨਗਰ, 10 ਮਾਰਚ (ਪੋਸਟ ਬਿਊਰੋ)- ਕਸ਼ਮੀਰ ਵਿੱਚ ਆਪਣਾ ਨੈਟਵਰਕ ਵਧਾਉਣ ਦਾ ਯਤਨ ਕਰ ਰਹੇ ਅੱਤਵਾਦੀ ਸੰਗਠਨ ਅਲ ਬਦਰ ਦੇ ਚੀਫ ਕਮਾਂਡਰ ਅਬਦੁਲ ਗਨੀ ਖਵਾਜ਼ਾ ਉਰਫ ਸਿਕੰਦਰ ਨੂੰ ਸੁਰੱਖਿਆ ਬਲਾਂ ਨੇ ਕੱਲ੍ਹ ਸੋਪੋਰ ਵਿੱਚ ਇੱਕ ਮੁਕਾਬਲੇ ਦੌਰਾਨ ਮਾਰ ਸੁੱਟਿਆ। ਏ ਸ਼੍ਰੇਣੀ ਦਾ ਸੱਤ ਲੱਖ ਦਾ ਇਨਾਮੀ ਖਵਾਜ਼ਾ ਉਨ੍ਹਾਂ 14 ਅੱਤਵਾਦੀਆਂ ਵਿੱਚ ਸ਼ਾਮਲ ਸੀ, ਜਿਨ੍ਹਾਂ ਦਾ ਜੁਲਾਈ 2018 ਵਿੱਚ ਗਰੁੱਪ ਫੋਟੋ ਤੇ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਇਆ ਸੀ।



ਇਸ ਬਾਰੇ ਕਸ਼ਮੀਰ ਰੇਂਜ ਦੇ ਆਈ ਜੀ ਵਿਜੇ ਕੁਮਾਰ ਨੇ ਖਵਾਜ਼ਾ ਦੇ ਮਾਰੇ ਜਾਣ ਦੀ ਪੁਸ਼ਟੀ ਕਰਦੇ ਹੋਏ ਦੱਸਿਆ ਕਿ ਉਹ ਪਿਛਲੇ ਕੁਝ ਸਮੇਂ ਤੋਂ ਕਸ਼ਮੀਰ ਵਿੱਚ ਅਲ ਬਦਰ ਦੀਆਂ ਸਰਗਰਮੀਆਂ ਦਾ ਜ਼ਿੰਮਾ ਸੰਭਾਲੀ ਬੈਠਾ ਸੀ ਅਤੇ ਉਸ ਨੇ ਉਤਰੀ ਕਸ਼ਮੀਰਦੇ ਨਾਲ ਦੱਖਣੀ ਕਸ਼ਮੀਰ ਵਿੱਚ ਵੀ ਕਈ ਅੱਤਵਾਦੀ ਵਾਰਦਾਤਾਂ ਕੀਤੀਆਂ ਸਨ ਅਤੇ ਕਈ ਸਥਾਨਕ ਮੁੰਡਿਆਂ ਨੂੰ ਅੱਤਵਾਦੀ ਸੰਗਠਨ ਵਿੱਚ ਭਰਤੀ ਲਈ ਤਿਆਰ ਕੀਤਾ ਸੀ। ਕਰਾਲਗੁੰਡ-ਹੰਦਵਾੜਾ (ਕੁਪਵਾੜਾ) ਦਾ ਰਹਿਣ ਵਾਲਾ ਇਹ ਅੱਤਵਾਦੀ ਕਈ ਵਾਰ ਸੁਰੱਖਿਆ ਬਲਾਂ ਨਾਲ ਮੁਕਾਬਲੇ ਵਿੱਚੋਂ ਬਚ ਨਿਕਲਿਆ ਸੀ। ਆਈ ਜੀ ਨੇ ਦੱਸਿਆ ਕਿ ਦੁਪਹਿਰ ਬਾਅਦ ਸਾਨੂੰ ਖਵਾਜ਼ਾ ਦੇ ਸੋਪੋਰ ਵਿਚਲੇ ਤੁੱਜਰ ਸ਼ਰੀਫ ਵਿੱਚ ਇੱਕ ਟਿਕਾਣੇ ਦਾ ਪਤਾ ਲੱਗਿਆ। ਪੁਲਸ ਨੇ ਫੌਜ ਅਤੇ ਸੀ ਆਰ ਪੀ ਐਫ ਦੀ ਮਦਦ ਨਾਲ ਮੁਹਿੰਮ ਚਲਾਈ। ਖਵਾਜ਼ਾ ਨੇ ਫਾਇਰਿੰਗ ਕਰ ਕੇ ਭੱਜਣ ਦਾ ਯਤਨ ਕੀਤਾ, ਪਰ ਨਾਕਾਮ ਰਿਹਾ। ਉਸ ਨੂੰ ਆਤਮ ਸਮਰਪਣ ਕਰਨ ਦਾ ਮੌਕਾ ਦਿੱਤਾ ਗਿਆ ਸੀ, ਪਰ ਜਦੋਂ ਉਹ ਲਗਾਤਾਰ ਫਾਇਰ ਕਰਨ ਲੱਗਿਆ ਤਾਂ ਜਵਾਨਾਂ ਨੇ ਜਵਾਬੀ ਫਾਇਰ ਕਰ ਕੇ ਉਸ ਨੂੰ ਮਾਰ ਸੁੱਟਿਆ।

## ਸਰਵੇਖਣ ਮੁਤਾਬਕ ਯੂ ਕੇ ਵਿੱਚ ਔਰਤਾਂ ਦੀ ਬਰਾਬਰਤਾ ਖਤਰੇ 'ਚ

ਲੰਡਨ, 10 ਮਾਰਚ (ਪੋਸਟ ਬਿਊਰੋ)- ਯੂ ਕੇ ਵਿੱਚ ਔਰਤਾਂ ਦੀ ਬਰਾਬਰੀ ਖਤਰੇ ਵਿੱਚ ਹੈ। ਇਥੋਂ ਦੀਆਂ ਪੰਜਾਹ ਫੀਸਦੀ ਔਰਤਾਂ ਦਾ ਮੰਨਣਾ ਹੈ ਕਿ ਇਹ ਉਨ੍ਹਾਂ ਦੀ ਬਰਾਬਰਤਾ ਨੂੰ 1970ਵਿਆਂ ਵਾਂਗ ਹੀ ਕੰਮ ਵਾਲੀਆਂ ਥਾਵਾਂ 'ਤੇ, ਘਰਾਂ ਵਿੱਚ ਤੇ ਸਮਾਜ ਵਿੱਚ ਖਤਰਾ ਹੈ। ਇਸ ਦਾ ਖੁਲਾਸਾ ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਜਾਰੀ ਕੀਤੇ ਇੱਕ ਸਰਵੇਖਣ ਦੌਰਾਨ ਸਾਹਮਣੇ ਆਇਆ ਹੈ। ਰਿਪੋਰਟ ਅਨੁਸਾਰ ਮਹਾਮਾਰੀ ਦੌਰਾਨ ਵੱਡੀ ਗਿਣਤੀ ਵਿੱਚ ਔਰਤਾਂ ਫਰਲੋ 'ਤੇ ਹਨ, ਨੌਕਰੀਆਂ ਗਵਾ ਚੁੱਕੀਆਂ ਹਨ ਤੇ ਵੇਖਿਆ ਜਾ ਰਿਹਾ ਹੈ ਕਿ ਔਰਤਾਂ ਘਰੇਲੂ ਸਕੂਲਾਂ ਤੇ ਘਰਾਂ ਦਾ ਬੋਝ ਚੁੱਕਣ ਦੀਆਂ ਸੰਭਾਵਨਾਵਾਂ ਵੱਲ ਵੱਧ ਰਹੀਆਂ ਹਨ। ਸਰਵੇਖਣ ਅਨੁਸਾਰ ਔਰਤਾਂ ਆਪਣੇ ਭਵਿੱਖ ਨੂੰ ਲੈ ਕੇ ਡਰ ਰਹੀਆਂ ਹਨ।

ਸਰਵੇਖਣ ਅਨੁਸਾਰ ਔਰਤਾਂ ਨੇ ਸਕੂਲ ਬੰਦ ਹੋਣ ਦਾ ਬੋਝ ਝੱਲਿਆ ਅਤੇ ਸੱਤਰ ਫੀਸਦੀ ਮਾਵਾਂ ਨੇ ਆਪਣੇ ਸਾਥੀ ਨਾਲ ਘਰ ਵਿੱਚ ਸਕੂਲ ਦਾ ਕੰਮ ਕੀਤਾ। ਤਿੰਨ ਚੌਥਾਈ ਔਰਤਾਂ ਨੇ ਕਿਹਾ ਕਿ ਉਨ੍ਹਾਂ ਦੇ ਸਾਥੀ ਵਾਸਤੇ ਨਿਰਵਿਘਨ ਕੰਮ ਕਰਨਾ ਵਧੇਰੇ ਆਸਾਨ ਸੀ। ਪੰਜ ਵਿੱਚੋਂ ਇੱਕ ਮਹਿਲਾ ਨੇ ਕਿਹਾ ਕਿ ਬੱਚਿਆਂ ਦੀ ਸੰਭਾਲ ਲਈ ਉਨ੍ਹਾਂ ਨੂੰ ਕੰਮ ਤੋਂ ਘੰਟੇ ਘਟਾਉਣੇ ਪਏ ਅਤੇ ਇੱਕ ਤਿਹਾਈ ਤੋਂ ਵੱਧ ਔਰਤਾਂ ਨੇ ਕਿਹਾ ਕਿ ਉਨ੍ਹਾਂ ਦਾ ਕੈਰੀਅਰ ਪ੍ਰਭਾਵਤ ਹੋਇਆ ਹੈ। ਸਰਵੇਖਣ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਮਹਾਮਾਰੀ ਦੌਰਾਨ ਲਿੰਗ ਅਸਮਾਨਤਾ ਵਿੱਚ ਵਾਧਾ ਹੋਇਆ ਹੈ, ਜਿਸ ਨਾਲ ਨਜਿੱਠਣ ਲਈ ਔਰਤਾਂ ਸੰਘਰਸ਼ ਕਰ ਰਹੀਆਂ ਹਨ।

## ਨਿਊਜ਼ੀਲੈਂਡ ਵਿੱਚ ਬੀਤੇ ਦਿਨੀਂ ਸੜੀ ਗੱਡੀ ਵਿੱਚ ਮਾਰੇ ਗਏ ਪੰਜਾਬੀ ਮੁੰਡੇ ਦੀ ਪਛਾਣ

ਆਕਲੈਂਡ, 10 ਮਾਰਚ (ਪੋਸਟ ਬਿਊਰੋ)- ਨਿਊਜ਼ੀਲੈਂਡ ਪੁਲਸ ਨੇ ਕੱਲ੍ਹ ਦੱਸਿਆ ਕਿ ਬੈਰੀ ਕਰਟਿਸ ਪਾਰਕ, ਚੈਪਲ ਰੋਡ, ਫਲੈਟ ਬੁੱਸ਼ ਵਿਖੇ ਰਾਤ ਅੱਠ ਵਜੇ ਇੱਕ ਸੜਦੀ ਹੋਈ ਕਾਰ ਮਿਲੀ ਸੀ। ਇਸ ਕਾਰ ਵਿੱਚ ਕਿਸੇ ਵਿਅਕਤੀ ਦੇ ਹੋਣ ਬਾਰੇ ਪਤਾ ਲੱਗਾ ਪੁਲਸ ਨੇ ਇਸ ਮਾਜਦਾ ਕਾਰ ਵਿੱਚੋਂ ਇੱਕ ਵਿਅਕਤੀ ਨੂੰ ਬਾਹਰ ਕੱਢ ਲਿਆ ਸੀ।




ਕੱਲ੍ਹ ਪੁਲਸ ਨੇ ਉਸ ਬਾਰੇ ਦੱਸਿਆ ਕਿ ਇਹ 26 ਸਾਲਾ ਭਾਰਤੀ ਨੌਜਵਾਨ ਮੁੰਡਾ ਕੁਨਾਲ ਖੇੜਾ ਸੀ। ਇਹ ਨੌਜਵਾਨ ਮੈਨੁਕਾਓ ਖੇਤਰ ਵਿੱਚ ਰਹਿੰਦਾ ਸੀ। ਡਿਟੈਕਟਿਵ ਸੀਨੀਅਰ ਸਰਜੈਂਟ ਨਟਾਲੀ ਨੈਲਸ਼ਨ ਨੇ ਇਸ ਮੌਤ ਨੂੰ ਅਜੇ ਰਹੱਸਮਈ ਤੇ ਅਸ਼ਪੱਸ਼ਟ ਦੱਸਿਆ ਹੈ ਜਿਸ ਦੀ ਅਗਲੀ ਜਾਂਚ ਚੱਲ ਰਹੀ ਹੈ। ਪੁਲਸ ਨੇ ਉਸ ਦੇ ਇੰਡੀਆ ਵਿੱਚ ਰਹਿੰਦੇ ਪਰਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਹੈ ਅਤੇ ਹਰ ਤਰ੍ਹਾਂ ਦੀ ਯੋਗ ਸਹਾਇਤਾ ਸਬੰਧੀ ਕਿਹਾ ਹੈ। ਪਤਾ ਲੱਗਾ ਹੈ ਕਿ ਇਹ ਨੌਜਵਾਨ ਜੇ ਪੀ ਨਗਰ ਸੰਗਰੂਰ ਨਾਲ ਸਬੰਧਤ ਸੀ ਅਤੇ ਆਪਣੇ ਪਰਵਾਰ ਦਾ ਇਕਲੌਤਾ ਪੁੱਤਰ ਸੀ।

# ਯੂ ਕੇ ਪੁਲਸ ਵੱਲੋਂ 10 ਸਾਲਾ ਲੜਕੀ ਉੱਤੇ ਬਿਜਲੀ ਵਾਲੀ ਸਟੰਨ ਗੰਨ ਵਰਤੀ ਗਈ

ਗਲਾਸਗੋ, 10 ਮਾਰਚ (ਪੋਸਟ ਬਿਊਰੋ)- ਯੂ ਕੇ ਵਿੱਚ ਇੱਕ ਘਰੇਲੂ ਪ੍ਰੇਸ਼ਾਨੀ ਵੇਲੇ ਕਾਰਵਾਈ ਕਰਦਿਆਂ ਪੁਲਸ ਨੇ ਸਥਿਤੀ ਨੂੰ ਕਾਬੂ ਕਰਨ ਲਈ ਇੱਕ ਦਸ ਸਾਲਾ ਲੜਕੀ ਉੱਤੇ ਇਲੈਕਟ੍ਰਿਕ ਸਟੰਨ ਗੰਨ ਦੀ ਵਰਤੋਂ ਕੀਤੀ ਹੈ।



ਇਸ ਸੰਬੰਧ ਵਿੱਚ ਪੁਲਸ ਨੇ ਦੱਸਿਆ ਕਿ ਇੱਕ ਲੜਕੀ ਵੱਲੋਂ ਆਪਣੀ ਕਾਰੋਬਾਰੀ ਮਾਂ ਨੂੰ ਬਾਗ਼ਬਾਨੀ ਨਾਲ ਸਬੰਧਤ ਕੈਂਚੀ ਅਤੇ ਹਥੌੜੇ ਨਾਲ ਧਮਕੀਆਂ ਦੇਣ ਦੀ ਸੂਚਨਾ ਮਿਲਦੇ ਸਾਰ ਅਧਿਕਾਰੀਆਂ ਵੱਲੋਂ ਇੱਕ ਪ੍ਰਾਈਵੇਟ ਅਸਟੇਟ ਦੇ ਫਲੈਟ ਉੱਤੇ ਕਾਰਵਾਈ ਕੀਤੀ ਤਾਂ ਅਧਿਕਾਰੀਆਂ ਨੇ ਲੜਕੀ ਨੂੰ ਹਥਿਆਰ ਸੁੱਟਣ ਲਈ ਕਿਹਾ, ਪਰ ਉਸ ਦੇ ਗੱਲ ਨਾ ਮੰਨਣ ਉੱਤੇ ਸਥਿਤੀ ਨੂੰ ਕਾਬੂ ਕਰਨ ਲਈ ਪੁਲਸ ਨੇ 50,000 ਵੋਲਟ ਦੀ ਇਲੈਕਟ੍ਰਿਕ ਸਟੈਨ ਗੰਨ ਵਰਤੀ।ਪੁਲਸ ਅਨੁਸਾਰ ਉਸ ਸਮੇਂ ਫਲੈਟ ਵਿੱਚ ਕੋਈ ਹੋਰ ਨਹੀਂ ਸੀ ਅਤੇ ਕੋਈ ਵੀ ਜ਼ਖ਼ਮੀ ਨਹੀਂ ਹੋਇਆ। ਪੁਲਸ ਵੱਲੋਂ ਸਟੰਨ ਗੰਨ ਵਰਤਣ ਦੇ ਇਸ ਮਾਮਲੇ ਵਿੱਚ ਇਸ ਲੜਕੀ ਨੂੰ ਯੂ ਕੇ ਦੀ ਸਭ ਤੋਂ ਛੋਟੀ ਲੜਕੀ ਮੰਨਿਆ ਗਿਆ ਹੈ।

ਸਾਬਕਾ ਡਿਟੈਕਟਿਵ ਮਿਕ ਨੇਵਿਲ ਦੇ ਅਨੁਸਾਰ ਇੱਕ ਪ੍ਰਾਇਮਰੀ ਸਕੂਲ ਦੀ ਬੱਚੀ ਉੱਤੇ ਇੱਕ ਟੀਜ਼ਰ ਦੀ ਵਰਤੋਂ ਬਹੁਤ ਪ੍ਰੇਸ਼ਾਨ ਕਰਨ ਵਾਲੀ ਗੱਲ ਹੈ, ਪਰ 10 ਸਾਲਾ ਬੱਚੀ ਦੇ ਹੱਥ ਵਿੱਚ ਹਥੌੜੇ ਵਰਗਾ ਹਥਿਆਰ ਮਾਰੂ ਸਿੱਧ ਹੋ ਸਕਦਾ ਹੈ। ਇਸ ਸਬੰਧੀ ਯੂ ਕੇ ਵਿੱਚ ਕੁਝ ਚੈਰਿਟੀਜ਼ ਵੱਲੋਂ ਅੰਡਰ-18 ਦੇ ਬੱਚਿਆਂ ਉੱਤੇ ਇਸ ਦੀ ਵਰਤੋਂ ਉਪਰ ਪਾਬੰਦੀ ਲਗਾਉਣ ਦੀ ਮੰਗ ਵੀ ਕੀਤੀ ਗਈ ਹੈ।

## 90 ਫ਼ੀਸਦੀ ਕੁੜੀਆਂ ਆਪਣੇ ਫੋਟੋ ਪੋਸਟ ਕਰਨ ਤੋਂ ਪਹਿਲਾਂ ਫਿਲਟਰ ਦੀ ਵਰਤੋਂ ਕਰਦੀਆਂ ਨੇ

ਲੰਡਨ, 10 ਮਾਰਚ (ਪੋਸਟ ਬਿਊਰੋ)- ਸਮਾਰਟਫੋਨ ਦੇ ਜਮਾਨੇ ਵਿੱਚ ਆਪਣੀ ਵਧੀਆ ਫੋਟੋ ਖਿੱਚ ਕੇ ਸੋਸ਼ਲ ਮੀਡੀਆ 'ਤੇ ਪੋਸਟ ਕਰਨ ਦਾ ਰਿਵਾਜ਼ ਹੈ। ਇਸ ਦੌਰਾਨ ਇੱਕ ਨਵੇਂ ਅਧਿਐਨ ਵਿੱਚ ਸਾਹਮਣੇ ਆਇਆ ਹੈ ਕਿ 90 ਫੀਸਦੀ ਕੁੜੀਆਂ ਆਨਲਾਈਨ ਪੋਸਟ ਕਰਨ ਤੋਂ ਪਹਿਲਾਂ ਆਪਣੀਆਂ ਫੋਟੋਆਂ ਨੂੰ ਐਡਿਟ ਕਰਦੀਆਂ ਅਤੇ ਫਿਰ ਹੋਰ ਵਧੀਆ ਬਣਾਉਣ ਲਈ ਇੱਕ ਫਿਲਟਰ ਦੀ ਵਰਤੋਂ ਕਰਦੀਆਂ ਹਨ। ਨਤੀਜੇ ਦੱਸਦੇ ਹਨ ਕਿ ਨੌਜਵਾਨ ਔਰਤਾਂ ਆਪਣੀਆਂ ਫੋਟੋਆਂ ਆਨਲਾਈਨ ਸ਼ੇਅਰ ਕਰਨ ਦੇ ਮਾਮਲੇ ਵਿੱਚ ਬਹੁਤ ਸੰਵੇਦਨਸ਼ੀਲ ਹਨ ਅਤੇ ਇਸ ਨੂੰ ਲੈ ਕੇ ਉਹ ਚਿੰਤਤ ਵੀ ਰਹਿੰਦੀਆਂ ਹਨ। ਕੋਵਿਡ-19 ਮਹਾਮਾਰੀ ਦੌਰਾਨ ਇਹ ਰੁਝਾਨ ਹੋਰ ਵੀ ਵਧ ਗਿਆ ਹੈ।



ਅਧਿਐਨ ਵਿੱਚ ਦੱਸਿਆ ਗਿਆ ਹੈ ਕਿ ਇਹ ਲੜਕੀਆਂ ਆਪਣੀ ਸਕਿਨ ਟੋਨ ਨੂੰ ਹਟਾਉਣ ਲਈ ਫੋਟੋ ਨੂੰ ਫਿਲਟਰ ਜਾਂ ਐਡਿਟ ਕਰਦੀਆਂ ਹਨ। ਉਹ ਆਪਣੇ ਜਬਾੜੇ ਅਤੇ ਨੱਕ ਨੂੰ ਵੀ ਐਡਿਟ ਕਰ ਕੇ ਚੰਗੀ ਸ਼ੇਪ ਦਿੰਦੀਆਂ ਹਨ। ਜੇ ਉਨ੍ਹਾਂ ਨੂੰ ਫੋਟੋ ਵਿੱਚ ਆਪਣਾ ਭਾਰ ਵੱਧ ਲੱਗਦਾ ਹੈ ਤਾਂ ਉਹ ਫੋਟੋ ਨੂੰ ਇਸ ਤਰ੍ਹਾਂ ਨਾਲ ਐਡਿਟ ਕਰਦੀਆਂ ਹਨ ਕਿ ਉਨ੍ਹਾਂ ਦਾ ਭਾਰ ਘੱਟ ਦਿਖੇ। ਇਸ ਦੇ ਇਲਾਵਾ ਉਹ ਆਪਣੀ ਸਕਿਨ ਹੋਰ ਚਮਕਾਉਣ ਦੇ ਨਾਲ ਹੀ ਆਪਣੇ ਦੰਦਾਂ ਸਬੰਧੀ ਵੀ ਆਕਰਸ਼ਕ ਸ਼ੇਪ ਬਣਾਉਂਦੀਆਂ ਹਨ ਅਤੇ ਇਸ ਦੇ ਲਈ ਵੱਖ-ਵੱਖ ਫਿਲਟਰ ਦੀ ਵਰਤੋਂ ਕਰਦੀਆਂ ਹਨ।ਸੋਸ਼ਲ ਮੀਡੀਆ 'ਤੇ ਪੋਸਟ ਕਰਨ ਨਾਲ ਉਨ੍ਹਾਂ ਨੂੰ 'ਲਾਈਕ' ਅਤੇ ਸ਼ਲਾਘਾ ਮਿਲਦੀ ਹੈ, ਜਿਸ ਨਾਲ ਉਹ ਬਹੁਤ ਖ਼ੁਸ਼ ਹੁੰਦੀਆਂ ਹਨ, ਪਰ ਜ਼ਿਆਦਾਤਰ ਨੌਜਵਾਨ ਔਰਤਾਂ ਲਈ ਇਹ ਬਹੁਤ ਵੱਡੀ ਚਿੰਤਾ ਦਾ ਵਿਸ਼ਾ ਵੀ ਹੈ।

## ਗਿਲਗਿਤ-ਬਾਲਤਿਸਤਾਨ ਨੂੰ ਪਾਕਿ ਦੇ ਇਸ਼ਾਰੇ ਉੱਤੇ ਸੂਬਾਈ ਦਰਜਾ

ਇਸਲਾਮਾਬਾਦ, 10 ਮਾਰਚ (ਪੋਸਟ ਬਿਊਰੋ)- ਭਾਰਤ ਦੇ ਵਿਰੋਧ ਨੂੰ ਲਾਂਭੇ ਕਰ ਕੇ ਗਿਲਗਿਤ ਬਾਲਤਿਸਤਾਨ ਦੀ ਵਿਧਾਨ ਸਭਾ ਨੇ ਖੇਤਰ ਨੂੰ ਸੂਬਾਈ ਦਰਜਾ ਦੇਣ ਦਾ ਇੱਕ ਮਤਾ ਬੀਤੇ ਦਿਨ ਪਾਸ ਕੀਤਾ। ਮਤੇ ਵਿੱਚ ਇਮਰਾਨ ਸਰਕਾਰ ਤੋਂ ਹੋਰ ਸੰਵਿਧਾਨਕ ਸੰਸਥਾਵਾਂ ਵਿੱਚ ਵੀ ਨੁਮਾਇੰਦਗੀ ਦੇਣ ਦੀ ਮੰਗ ਕੀਤੀ ਗਈ ਹੈ।



ਦੱਸਣਯੋਗ ਹੈ ਕਿ ਪਾਕਿਸਤਾਨ ਵੱਲੋਂ ਗਿਲਗਿਤ-ਬਾਲਤਿਸਤਾਨ ਨੂੰ ਸੂਬਾਈ ਦਰਜਾ ਦੇਣ ਦੀ ਕੋਸ਼ਿਸ਼ ਦਾ ਭਾਰਤ ਨੇ ਇਹ ਕਹਿ ਕੇ ਵਿਰੋਧ ਕੀਤਾ ਸੀ ਕਿ ਇਸ ਨਾਲ ਉਹ ਇਲਾਕੇ 'ਤੇ ਕਬਜ਼ਾ ਕਰ ਲੈਣ ਲਈ ਤਿਆਰ ਹੈ। ਪਾਕਿ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਅਗਵਾਈ ਵਾਲੀ ਪਾਕਿਸਤਾਨ ਤਹਿਰੀਕੇ ਇਨਸਾਫ ਪਾਰਟੀ(ਪੀ ਟੀ ਆਈ)ਦੇ ਗਿਲਗਿਤ-ਬਾਲਤਿਸਤਾਨ ਦੇ ਮੁੱਖ ਮੰਤਰੀ ਖਾਲਿਦ ਖੁਰਸ਼ੀਦ ਖਾਨ ਨੇ ਵਿਧਾਨ ਸਭਾ ਵਿੱਚ ਇਹ ਮਤਾ ਰੱਖਿਆ। ਇਸ ਦੌਰਾਨ ਸਾਰੀਆਂ ਪਾਰਟੀਆਂ ਨੇ ਮੰਗ ਕੀਤੀ ਕਿ ਇਮ- ਰਾਨ ਸਰਕਾਰ ਇਸ ਖੇਤਰ ਨੂੰ ਨਾ ਸਿਰਫ ਸੂਬਾਈ ਦਰਜਾ ਦੇਵੇ, ਸਗੋਂ ਪਾਰਲੀਮੈਂਟਅਤੇ ਹੋਰ ਸੰਵਿਧਾਨਕ ਅਦਾਰਿਆਂ ਵਿੱਚ ਵੀ ਪ੍ਰਤੀਨਿਧਤਾ ਦਿੱਤੀ ਜਾਵੇ। ਪ੍ਰਸਤਾਵ ਵਿੱਚ ਕਿਹਾ ਗਿਆ ਕਿ ਕਸ਼ਮੀਰ ਮੁੱਦੇ 'ਤੇ ਦੇਸ਼ ਦੇ ਨਜ਼ਰੀਏ ਨੂੰ ਨੁਕਸਾਨ ਪਹੁੰਚਾਏ ਬਿਨਾਂ ਗਿਲਗਿਤ-ਬਾਲਤਿਸਤਾਨ ਨੂੰ ਸੂਬਾਈ ਦਰਜਾ ਦੇਣ ਲਈ ਸੰਵਿਧਾਨ ਵਿੱਚ ਸੋਧ ਕੀਤੀ ਜਾਵੇ। ਮੁੱਖ ਮੰਤਰੀ ਖਾਨ ਨੇ ਕਿਹਾ, 'ਸੰਵਿਧਾਨਕ ਅਧਿਕਾਰਾਂ ਦੀ ਮੰਗ ਗਿਲਗਿਤ-ਬਾਲਤਿਸਤਾਨ ਦੇ ਲੋਕਾਂ ਦੀ ਸਾਂਝੀ ਹੈ। ਇਸ ਦਾ ਕਿਸੇ ਵਿਅਕਤੀ ਜਾਂ ਪਾਰਟੀ ਨਾਲ ਲੈਣਾ ਦੇਣਾ ਨਹੀਂ ਹੈ।'

ਵਰਨਣ ਯੋਗ ਹੈ ਕਿ ਪਿਛਲੇ ਵਰ੍ਹੇ ਦਸੰਬਰ ਵਿੱਚ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਗਿਲਗਿਤ-ਬਾਲਤਿਸਤਾਨ ਦੀ ਸਥਿਤੀ ਨੂੰ ਬਦਲਣ ਬਾਰੇ ਸਿਫਾਰਸ਼ਾਂ ਦੇਣ ਲਈ ਇੱਕ 12 ਮੈਂਬਰੀ ਕਮੇਟੀ ਬਣਾਈ ਸੀ। ਪਾਕਿਸਤਾਨ ਸਰਕਾਰ ਦੀ ਇਸ ਕੋਸ਼ਿਸ਼ 'ਤੇ ਭਾਰਤੀ ਵਿਦੇਸ਼ ਮੰਤਰ- ਾਲੇ ਨੇ ਸਖਤ ਇਤਰਾਜ਼ ਕੀਤਾ ਸੀ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਨੁਸਾਰ ਸ੍ਰੀਵਾਸਤਵ ਨੇ ਕਿਹਾ ਸੀ ਕਿ ਭਾਰਤ ਅਜਿਹੇ ਕਿਸੇ ਵੀ ਯਤਨ ਨੂੰ ਖਾਰਜ ਕਰਦਾ ਹੈ ਤੇ ਇਸਲਾਮਾ- ਬਾਦ ਤੋਂ ਛੇਤੀ ਤੋਂ ਛੇਤੀ ਖੇਤਰ ਨੂੰ ਖਾਲੀ ਕਰਨ ਦੀ ਅਪੀਲ ਕਰਦਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services: Complete Basement, Tiles, Bathrooms, Plumbing, Laminate, Hardwood Floor, Painting
A-1 RENOVATION GTA INC.
22 Listcreek Road, Brampton L6p 2n6

You can (905)793-2202
Place Your Business Here
To Reach Wider Audience

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜ਼ਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ: 110 Glidden Rd., Brampton
ਜਾਂ ਫੇਰ ਈ-ਮੇਲ ਕਰੋ: jbrown@dundasjafine.com kkaur@dundasjafine.com

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
• Cheapest Air Fares
• Price Match Guaranteed
• 24/7 Emergency Services
• Reliable & Excellent Customer Service
• 100% Customer Satisfaction
Travel Worry Free With Insurance
• Super Visa Insurance
• Visitor to Canada
• Trip Cancellation
• Trip Interruption
Manulife
Call Us For Guaranteed Lowest Airfare ANY Airline Time Destination Around the World
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ਼ੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

905-793-2202
ਪੰਜਾਬੀ ਪੋਸਟ

UPPAL LAW
IMMIGRATION SERVICES
* Visitor Visa * Super Visa * Study,Work,Visitor Extension Visa * Family Sponsorship * Permanent Residence Card Renewal * Citizenship Application * Spousal Applications * All Invitation Letters
AVTAR UPPAL Manager
OTHER PRACTICES
* Criminal Law * Family Law * Power of Attorney * Change of Name * Notarization * Travel Consent * Affidavit * Landlord and Tenant Matters
AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days a Week
Call For FREE Estimate
ਹਰ ਤਰ੍ਹਾਂ ਦੀ ਵਧੀਆ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com

